# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ.ਐਡ. ਭਾਗ ਦੂਜਾ** **ਸਮੈਸਟਰ ਚੌਥਾ**

**ਪੇਪਰ : ਬਾਈ (ਮੂਲ ਪਾਠ ਦਾ ਪਾਠਨ ਅਤੇ ਪ੍ਰਤਿਬਿੰਬਨ)** **ਯੂਨਿਟ : 1**

**ਮੀਡੀਅਮ : ਪੰਜਾਬੀ**

**ਪਾਠ ਨੰ.**


**1.1** : ਪੜ੍ਹਨ ਸਾਧਨ:ਰਾਸ਼ਟਰੀ ਸਿੱਖਿਆ ਨੀਤੀ (1986) ਅਤੇ ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005

**1.2** : ਐੱਨ.ਪੀ.ਈ.-1986 ਅਤੇ ਐੱਨ.ਸੀ.ਐੱਫ.-2005 ਦੇ ਮੁੱਖ ਤੱਤਾਂ ਦਾ ਪ੍ਰਤੀਕਰਮ :ਉਦੇਸ਼, ਪੈਡਾਗੋਜੀ ਅਤੇ ਮੁਲਾਂਕਣ



***Department website : www.pbidde.org***

**ਪਾਠ ਨੰ: 1.1** **ਲੇਖਿਕਾ : ਯੋਗਿਤਾ ਸਾਰਵਾਲ**

# ਪੜ੍ਹਣ ਸਾਧਨ:ਰਾਸ਼ਟਰੀ ਸਿੱਖਿਆ ਨੀਤੀ (1986) ਅਤੇ ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005

**ਸੰਰਚਨਾ**

1.1. ਉਦੇਸ਼
1.2. ਜਾਣ-ਪਹਿਚਾਣ
1.3. ਪੜ੍ਹਣ ਸਾਧਨਾਂ ਦਾ ਅਰਥ
1.4. ਰਾਸ਼ਟਰੀ ਸਿੱਖਿਆ ਨੀਤੀ (1986)
1.5. ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005
1.6. ਰਾਸ਼ਟਰੀ ਸਿੱਖਿਆ ਨੀਤੀ (1986) ਅਤੇ ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਦੇ ਪੜ੍ਹਣ ਸਾਧਨ
1.7. ਸੰਖੇਪ ਸਾਰ
1.8. ਸ਼ਬਦਾਵਲੀ
1.9. ਪੜ੍ਹਨ ਸੁਝਾਅ
1.10. ਪ੍ਰਸ਼ਨ ਸੁਝਾਅ
1.11. ਸਵੈ-ਜਾਂਚ ਅਭਿਆਸ

## 1.1. ਉਦੇਸ਼ (Objectives)

ਮੌਜੂਦਾ ਅਧਿਆਇ ਦੇ ਰਾਹੀਂ ਵਿਦਿਆਰਥੀ ਯੋਗ ਹੋ ਜਾਣਗੇ ਕਿ

I. ਪੜ੍ਹਣ ਸਾਧਨਾਂ ਦਾ ਅਰਥ ਸਮਝ ਸਕਣ।
II. ਪੜ੍ਹਣ ਸਾਧਨਾਂ ਦੀ ਮਹੱਤਤਾ ਦੀ ਵਿਆਖਿਆ ਕਰ ਸਕਣ
III. ਰਾਸ਼ਟਰੀ ਸਿੱਖਿਆ ਨੀਤੀ (1986) ਬਾਰੇ ਵਿਚਾਰ ਕਰ ਸਕਣ
IV. ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਬਾਰੇ ਵਿਚਾਰ ਕਰ ਸਕਣ
V. ਰਾਸ਼ਟਰੀ ਸਿੱਖਿਆ ਨੀਤੀ (1986) ਦੇ ਵੱਖ-ਵੱਖ ਪੜ੍ਹਣ ਸਾਧਨਾਂ ਬਾਰੇ ਜਾਣ ਸਕਣ
VI. ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਦੇ ਵੱਖ-ਵੱਖ ਪੜ੍ਹਣ ਸਾਧਨਾਂ ਬਾਰੇ ਜਾਣ ਸਕਣ

## 1.2. ਜਾਣ-ਪਹਿਚਾਣ (Introduction)

ਪੜ੍ਹਨ ਸਾਧਨ ਉਹ ਸਾਧਨ ਹਨ ਜੋ ਪਾਠਕ੍ਰਮ ਵਿੱਚ ਦਰਸਾਏ ਗਏ ਵਿਸ਼ਿਆ ਦੇ ਸੰਬੰਧ ਵਿੱਚ ਅਧਿਆਪਕਾਂ, ਵਿਦਿਆਰਥੀਆਂ ਆਦਿ ਨੂੰ ਮਦਦ ਪ੍ਰਦਾਨ ਕਰਦੇ ਹਨ। ਰਾਸ਼ਟਰੀ ਸਿੱਖਿਆ ਨੀਤੀ (1986) ਅਤੇ ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਦੇ ਪੜ੍ਹਣ ਸਾਧਨ ਅਜਿਹੀਆਂ ਨੀਤੀਆਂ ਹਨ ਜਿਹਨਾਂ ਨੇ ਭਾਰਤ ਦੀ ਸਿੱਖਿਆ ਪ੍ਰਣਾਲੀ ਦੇ ਪਰਿਵਰਤਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

### 1.3. ਪੜ੍ਹਣ ਸਾਧਨਾਂ ਦਾ ਅਰਥ (Meaning)

ਆਮ ਸ਼ਬਦਾਂ ਵਿੱਚ ਪੜ੍ਹਣ ਸਾਧਨਾਂ ਦਾ ਭਾਵ ਹੈ ਸਿੱਖਿਅਕ ਸਮੱਗਰੀ। ਪੁਸਤਕਾਂ, ਵੀਡੀਓ, ਸਾਫਟਵੇਅਰ ਅਤੇ ਹੋਰ ਸਾਧਨ ਜਿਹੜੇ ਕਿ ਅਧਿਆਪਕਾਂ ਦੁਆਰਾ ਸਥਾਨਿਕ ਸਥਿਤੀਆਂ ਅਨੁਸਾਰ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਿਖਾਉਣ ਲਈ ਵਰਤੇ ਜਾਂਦੇ ਹਨ ਤਾਂ ਕਿ ਮਿੱਥੇ ਗਏ ਉਦੇਸ਼ਾਂ ਦੀ ਵੱਧ ਤੋਂ ਵੱਧ ਪੂਰਤੀ ਹੋ ਸਕੇ। ਜਦੋਂ ਪੜ੍ਹਣ ਸਾਧਨਾਂ ਦੀ ਵਰਤੋਂ ਜਮਾਤ ਦੇ ਕਮਰੇ ਵਿੱਚ ਕੀਤੀ ਜਾਂਦੀ ਹੈ ਤਾਂ ਇਹ ਸਥਾਨਿਕ ਪੱਧਰ 'ਤੇ ਮੁਲਾਂਕਣ ਯੋਗ ਅਤੇ ਪ੍ਰਮਾਣਿਤ ਹੋਣੇ ਚਾਹੀਦੇ ਹਨ।

### 1.4. ਰਾਸ਼ਟਰੀ ਸਿੱਖਿਆ ਨੀਤੀ (1986)

ਸਿੱਖਿਆ ਕਮਿਸ਼ਨ (1964-1966) ਨੇ ਸਿਫਾਰਸ਼ ਕੀਤੀ ਕਿ ਭਾਰਤ ਸਰਕਾਰ ਰਾਸ਼ਟਰੀ ਸਿੱਖਿਆ ਨੀਤੀ ਬਾਰੇ ਕੋਈ ਅਜਿਹਾ ਕਾਰਜ ਕਰੇ ਜਿਸ ਨਾਲ ਕਿ ਰਾਜ ਸਰਕਾਰਾਂ ਅਤੇ ਸਥਾਨਿਕ ਸੰਸਥਾਵਾਂ ਨੂੰ ਸਿੱਖਿਆ ਦੀਆਂ ਯੋਜਨਾਵਾਂ ਨੂੰ ਤਿਆਰ ਕਰਨ ਅਤੇ ਲਾਗੂ ਕਰਨ ਬਾਰੇ ਅਗਵਾਹੀ ਪ੍ਰਦਾਨ ਕੀਤੀ ਜਾਵੇ। ਭਾਰਤ ਸਰਕਾਰ ਨੇ ਰਾਸ਼ਟਰੀ ਸਿੱਖਿਆ ਨੀਤੀ ਦੇ ਸਬੰਧ ਵਿੱਚ ਕਿਹਾ ਕਿ ਇੱਕ ਸਾਂਝੇ ਉਦੇਸ਼ ਲਈ ਹੀ ਸਿੱਖਿਆ ਦੇ ਵੱਖ-ਵੱਖ ਪ੍ਰੋਗਰਾਮਾਂ ਦਾ ਲਾਗੂਕਰਨ ਕੀਤਾ ਜਾਵੇ ਅਤੇ ਹਰ ਪੰਜ ਸਾਲ ਬਾਅਦ ਇਸਨੂੰ ਨਿਰਦੇਸ਼ਿਤ ਕੀਤਾ ਜਾਵੇ। ਇੱਕ ਦਸਤਾਵੇਜ਼ *"Challenge of Education: A Policy Perspective"* ਤਿਆਰ ਕੀਤਾ ਗਿਆ ਅਤੇ ਇਸ ਦਸਤਾਵੇਜ਼ ਦਾ ਸਾਰੀਆਂ ਖੇਤਰੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ। ਇਸ ਦਸਤਾਵੇਜ਼ ਨੂੰ ਵੱਖ-ਵੱਖ ਵਿਦਿਅਕ ਸੰਸਥਾਵਾਂ, ਯੂਨੀਵਰਸਿਟੀਆਂ, ਵਿਦਵਾਨਾਂ, ਸਿੱਖਿਆ ਸ਼ਾਸ਼ਤਰੀਆਂ ਕੋਲ ਭੇਜਿਆ ਗਿਆ। ਇਸ ਤੋਂ ਬਾਅਦ ਮਨੁੱਖੀ ਵਸੀਲਿਆਂ ਦੇ ਮੰਤਰਾਲੇ ਨੇ ਕੌਮੀ ਸਿੱਖਿਆ ਨੀਤੀ 1986-ਪੇਸ਼ਕਾਰੀ *(National Policy On Education-Presentation)*ਪ੍ਰਕਾਸ਼ਿਤ ਕੀਤਾ। ਫਿਰ ਕੌਮੀ ਸਿੱਖਿਆ ਨੀਤੀ 1986 ਦਾ ਖਰੜਾ *(Draft National Policy On Education 1986)*1986 ਈ. ਵਿੱਚ ਮਈ ਮਹੀਨੇ ਦੇ ਪਹਿਲੇ ਹਫ਼ਤੇ ਸੰਸਦ ਵਿੱਚ ਪੇਸ਼ ਹੋਇਆ। ਰਾਸ਼ਟਰੀ ਸਿੱਖਿਆ ਨੀਤੀ 1986 ਦੇ 12 ਭਾਗ ਅਤੇ 157 ਪੈਰ੍ਹੇ ਹਨ ਜਿਹੜੇ ਕਿ ਸਿੱਖਿਆ ਦੇ ਵੱਖ-ਵੱਖ ਪੱਖਾਂ ਨਾਲ ਸੰਬੰਧਿਤ ਹਨ। ਕੌਮੀ ਸਿੱਖਿਆ ਨੀਤੀ ਦੇ ਸੰਬੰਧ ਵਿੱਚ ਪ੍ਰੋਗਰਾਮ ਆਫ਼ ਐਕਸ਼ਨ ਵਿੱਚ ਹੇਠ ਲਿਖੀਆਂ ਮੁੱਖ ਯੋਜਨਾਵਾਂ ਸ਼ਾਮਿਲ ਹਨ-

1) ਕੌਮੀ ਸਿੱਖਿਆ ਪ੍ਰਣਾਲੀ
2) ਪਾਠਕ੍ਰਮ ਦਾ ਪੁਨਰ-ਸੰਗਠਨ
3) ਆਪ੍ਰੇਸ਼ਨ ਬਲੈਕ ਬੋਰਡ
4) ਨਵੋਦਿਆ ਸਕੂਲ
5) ਕਿੱਤਾਮਈ ਸਿੱਖਿਆ

ਅਗਸਤ,1986 ਈ. ਨੂੰ ਕੌਮੀ ਸਿੱਖਿਆ ਨੀਤੀਆਂ ਦੇ ਸੰਬੰਧ ਵਿੱਚ ਪ੍ਰੋਗਰਾਮ ਐਕਸ਼ਨ ਨੂੰ ਸੰਸਦ ਦੁਆਰਾ ਮੰਜ਼ੂਰੀ ਦੇ ਦਿੱਤੀ ਗਈ। ਇਹ ਸਿਰਫ਼ ਤਿੰਨ ਸਾਲਾਂ ਲਈ ਲਾਗੂ ਕੀਤਾ ਗਿਆ। 1990 ਈ. ਵਿੱਚ ਨਿਰੀਖਣ ਕਮੇਟੀ ਬਣਾਈ ਗਈ। ਆਖ਼ਰ ਵਿੱਚ ਕੌਮੀ ਸਿੱਖਿਆ ਨੀਤੀ 1986 ਵਿੱਚ ਸ਼ੰਸ਼ੋਧਨ ਕਰਨ ਦਾ ਨਿਸ਼ਚਾ ਕੀਤਾ ਗਿਆ ਜੋ ਕਿ ਸੰਸਦ ਦੁਆਰਾ 1992 ਈ. ਵਿੱਚ ਜਾਰੀ ਹੋਇਆ।

### 1.5. ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005

ਰਾਸ਼ਟਰੀ ਵਿਕਾਸ ਦੇ ਉਦੇਸ਼ ਤੱਕ ਪਹੁੰਚਣ ਲਈ ਰਾਸ਼ਟਰੀ ਸਿੱਖਿਆ ਨੀਤੀ 1986 ਨੇ ਰਾਸ਼ਟਰੀ ਪਾਠਕ੍ਰਮ ਰੂਪ ਰੇਖਾ ਨੂੰ ਪ੍ਰਸਤੁਤ ਕੀਤਾ। ਰਾਸ਼ਟਰੀ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ *(NCERT)* ਨੂੰ ਇਸ ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ ਦਾ ਢਾਂਚਾ ਤਿਆਰ ਕਰਨ ਦੀ ਵਿਸ਼ੇਸ਼ ਜ਼ਿੰਮੇਵਾਰੀ ਸੌਂਪੀ ਗਈ।

ਭਾਰਤ ਵਿੱਚ ਰਾਸ਼ਟਰੀ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਦੁਆਰਾ ਪ੍ਰਕਾਸ਼ਿਤ ਕੀਤੇ ਗਏ ਚਾਰ ਪਾਠਕ੍ਰਮ ਰੂਪ-ਰੇਖਾ 1975, 1988, 2000 ਅਤੇ 2005 ਵਿੱਚੋਂ ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਇੱਕ ਹੈ। ਰਾਸ਼ਟਰੀ ਪਾਠਕ੍ਰਮ ਰੂਪਰੇਖਾ 2005 ਦਾ 22 ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ।

**ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਦੇ ਮੁੱਖ ਖੇਤਰ**

1) ਬਿਨ੍ਹਾਂ ਦਬਾਅ ਜਾਂ ਬੋਝ ਦੇ ਪੜ੍ਹਣ ਨੂੰ ਆਨੰਦਮਈ ਅਨੁਭਵ ਬਣਾਉਣਾ। ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਨੇ ਇਸ ਮਕਸਦ ਲਈ ਸਿਲੇਬਸ ਵਿੱਚ ਖ਼ਾਸ ਬਦਲਾਵ ਕਰਨ ਦਾ ਸੁਝਾਅ ਦਿੱਤਾ।
2) ਵਿਅਕਤੀ ਅੰਦਰ ਸਵੈ-ਵਿਸ਼ਵਾਸ਼ ਅਤੇ ਸਵੈ-ਮਾਣ ਦੀ ਭਾਵਨਾ ਦਾ ਵਿਕਾਸ ਕਰਨਾ।
3) ਵਿਦਿਆਰਥੀ-ਕੇਂਦਰ ਪਹੁੰਚ ਦਾ ਵਿਕਾਸ ਕਰਨਾ।
4) ਵਿਦਿਆਰਥੀਆਂ ਅੰਦਰ ਏਕਤਾ, ਲੋਕਤੰਤਰ ਅਤੇ ਅਖੰਡਤਾ ਦੀ ਭਾਵਨਾ ਪੈਦਾ ਕਰਨਾ।
5) ਭਾਰਤੀ ਸਿੱਖਿਆ ਦੇ ਵਿਸ਼ੇਸ਼ ਤ੍ਰੈ-ਪੱਖ ਸਮਾਨਤਾ, ਗੁਣਵੱਤਾ ਅਤੇ ਮਾਤਰਾ।
6) ਜਾਤ, ਸੰਪਰਦਾਇ, ਧਰਮ ਅਤੇ ਲਿੰਗ ਦੇ ਭੇਦਭਾਵ ਤੋਂ ਬਿਨ੍ਹਾਂ ਆਦਰਸ਼ ਪਾਠਕ੍ਰਮ ਪ੍ਰਦਾਨ ਕਰਨਾ।

ਇਸ ਵਿੱਚ ਸੁਝਾਅ ਦਿੱਤਾ ਗਿਆ ਕਿ ਸਕੂਲ ਪ੍ਰਣਾਲੀ ਵਿੱਚ ਸਮਾਜਿਕ ਸਮੂਹਾਂ, ਗ਼ੈਰ-ਸਰਕਾਰੀ ਸੰਗਠਨਾਂ ਅਤੇ ਅਧਿਆਪਕ ਸੰਗਠਨਾਂ ਦਾ ਵੀ ਸਹਿਯੋਗ ਲਿਆ ਜਾਣਾ ਚਾਹੀਦਾ ਹੈ। ਪ੍ਰਾਇਮਰੀ ਸਿੱਖਿਆ ਦੇ ਸਰਵ-ਵਿਆਪੀਕਰਨ ਲਈ ਮੌਜੂਦਾ ਨਵੇਂ ਅਨੁਭਵਾਂ ਨੂੰ ਵਰਤਿਆ ਜਾਣਾ ਚਾਹੀਦਾ ਹੈ ਅਤੇ ਰਾਜਾਂ ਤੇ ਬੱਚਿਆਂ ਨਾਲ ਸੰਬੰਧਿਤ ਸਾਰੀਆਂ ਸੰਸਥਾਵਾਂ ਵਿਚਕਾਰ ਤਾਲਮੇਲ ਪੈਦਾ ਕਰਨਾ ਚਾਹੀਦਾ ਹੈ।

## 1.6. ਰਾਸ਼ਟਰੀ ਸਿੱਖਿਆ ਨੀਤੀ (1986) ਅਤੇ ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਦੇ ਪੜ੍ਹਣ ਸਾਧਨ

### 1.6.1. ਇਨਸਾਈਕਲੋਪੀਡੀਆ

ਰਾਸ਼ਟਰੀ ਸਿੱਖਿਆ ਨੀਤੀ-1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ-2005 ਨਾਲ ਸੰਬੰਧਿਤ ਜਾਣਕਾਰੀ ਇੱਕਠੀ ਕਰਨ ਦਾ ਸਭ ਤੋਂ ਮਹੱਤਵਪੂਰਨ ਸਾਧਨ *ਇਨਸਾਈਕਲੋਪੀਡੀਆ* ਹੈ। ਵਿਦਿਆਰਥੀਆਂ ਲਈ ਕਈ ਪ੍ਰਸਿੱਧ ਅਤੇ ਨਾਮੀ ਇਨਸੀਕਲੋਪੀਡੀਆ ਉਪਲਬੱਧ ਹਨ। ਦੋਨਾਂ ਵਿਸ਼ਿਆਂ ਬਾਰੇ ਵਿਦਿਆਰਥੀ ਕਈ ਇਨਸਾਈਕਲੋਪੀਡੀਆ ਤੋਂ ਜਾਣਕਾਰੀ ਇਕੱਠੀ ਕਰ ਸਕਦੇ ਹਨ। ਇਹਨਾਂ ਵਿੱਚੋਂ ਕੁੱਝ ਇਨਸਾਈਕਲੋਪੀਡੀਆ ਹੇਠ ਲਿਖੇ ਅਨੁਸਾਰ ਹਨ,

I. Encyclopedia of Education
II. Encyclopedia of Curriculum Development
III. Encyclopedia of Education, Planning and Development

### 1.6.2. ਪਤ੍ਰਿਕਾਵਾਂ

ਰਾਸ਼ਟਰੀ ਸਿੱਖਿਆ ਨੀਤੀ-1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ-2005 ਦੀ ਜਾਣਕਾਰੀ ਲਈ ਮੁੱਖ ਸਾਧਨਾਂ ਦੇ ਰੂਪ ਵਿੱਚ ਨਿਰੰਤਰ ਸਮੇਂ ਬਾਅਦ ਪ੍ਰਕਾਸ਼ਿਤ ਹੋਣ ਵਾਲੇ ਕਈ ਰਸਾਲੇ/ਜਨਰਲ ਵੀ ਮੌਜੂਦ ਹਨ। ਇਹ ਪਤ੍ਰਿਕਾਵਾਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਹੋ ਸਕਦੇ ਹਨ। ਇਹ ਪਤ੍ਰਿਕਾਵਾਂ ਈ-ਪਤ੍ਰਿਕਾਵਾਂ ਦੇ ਰੂਪ ਵਿੱਚ ਵੀ ਮੌਜੂਦ ਹਨ। ਅਜਿਹੀਆਂ ਪਤ੍ਰਿਕਾਵਾਂ ਹਰ ਪੰਦਰਾਂ ਦਿਨਾਂ ਬਾਅਦ, ਹਰ ਇੱਕ ਮਹੀਨੇ ਬਾਅਦ, ਹਰ ਦੋ ਮਹੀਨੇ ਬਾਅਦ, ਹਰ ਤਿੰਨ ਮਹੀਨੇ ਬਾਅਦ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਇਹਨਾਂ ਵਿੱਚੋਂ ਕੁੱਝ ਮਹੱਤਵਪੂਰਨ ਪਤ੍ਰਿਕਾਵਾਂ ਹੇਠ ਲਿਖੀਆਂ ਹਨ,

I. AIAER (Published by: All India Association of Education Research, Half yearly)
II. EDUTRACKS (Published by: Neel Kamal Publications, Quarterly)
III. Journal of Indian Education (Published by: NCERT, Quarterly)

### 1.6.3. ਲਾਇਬ੍ਰੇਰੀ

ਰਾਸ਼ਟਰੀ ਸਿੱਖਿਆ ਨੀਤੀ–1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ–2005 ਦੀ ਜਾਣਕਾਰੀ ਦਾ ਸਭ ਤੋਂ ਵੱਡਾ ਸਾਧਨ ਲਾਇਬ੍ਰੇਰੀਆਂ ਹਨ। ਉਪਰੋਕਤ ਦਰਜ ਸਾਰਾ ਸਾਹਿਤ ਲਾਇਬ੍ਰੇਰੀਆਂ ਵਿੱਚ ਕਿਤਾਬਾਂ, ਪਤ੍ਰਿਕਾਵਾਂ, ਸਰਕਾਰੀ ਰਿਪੋਰਟਾਂ, ਅਖ਼ਬਾਰਾਂ ਆਦਿ ਦੇ ਰੂਪ ਵਿੱਚ ਮੌਜੂਦ ਹੈ। ਕਾਲਜ ਲਾਇਬ੍ਰੇਰੀਆਂ, ਯੂਨੀਵਰਸਿਟੀ ਲਾਇਬ੍ਰੇਰੀਆਂ ਅਤੇ ਕੇਂਦਰੀ ਲਾਇਬ੍ਰੇਰੀਆਂ ਇਸ ਵਿੱਚ ਸ਼ਾਮਿਲ ਹਨ। ਹਰੇਕ ਲਾਇਬ੍ਰੇਰੀ ਵਿੱਚ ਸੂਚੀ/ਕੈਟਾਲਾਗ ਮੌਜੂਦ ਹੁੰਦਾ ਹੈ ਜੋ ਕਿ ਸੰਬੰਧਿਤ ਜਾਣਕਾਰੀ ਨੂੰ ਇਕੱਠਾ ਕਰਨ ਵਿੱਚ ਮਦਦ ਕਰਦਾ ਹੈ। ਲਾਇਬ੍ਰੇਰੀ ਵਿੱਚ ਤਕਨਾਲੋਜੀ ਦੀ ਵਰਤੋਂ ਨੂੰ ਈ–ਲਾਇਬ੍ਰੇਰੀ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ।

### 1.6.4. ਇੰਟਰਨੈਟ

ਅਜੋਕੇ ਸਮੇਂ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਇਸਦੀ ਵਰਤੋਂ ਵੱਡੇ ਪੱਧਰ ’ਤੇ ਕੀਤੀ ਜਾਂਦੀ ਹੈ। ਹਰ ਵਿਅਕਤੀ ਇੱਕ ਬਟਨ ਦੱਬਣ ਨਾਲ ਹੀ ਲੋੜੀਂਦੀ ਜਾਣਕਾਰੀ ਨੂੰ ਇੰਟਰਨੈਟ ਰਾਹੀਂ ਹਾਸਿਲ ਕਰ ਸਕਦਾ ਹੈ। ਸੂਚਨਾ ਤਕਨਾਲੋਜੀ ਦੇ ਕੁੱਝ ਸਾਧਨ ਹੇਠ ਲਿਖੇ ਹਨ–

1. *Inflibnet*
2. *Shodganga*
3. *Wikipedia*
4. *YouTube*
5. *Podcast* ਆਦਿ

### 1.6.5. ਅਖ਼ਬਾਰ/ਮੈਗਜ਼ੀਨ/ਸਰਕਾਰੀ ਸੂਚਨਾ ਪੱਤਰ

ਇਹਨਾਂ ਵਿਸ਼ਿਆਂ ਨਾਲ ਸੰਬੰਧਿਤ ਅਖ਼ਬਾਰ, ਮੈਗਜ਼ੀਨ, ਸਰਕਾਰੀ ਸੂਚਨਾ ਪੱਤਰ ਵਿਦਿਆਰਥੀਆਂ ਨੂੰ **ਨ**ਵੀਂ ਜਾਣਕਾਰੀ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਰਾਸ਼ਟਰੀ ਸਿੱਖਿਆ ਨੀਤੀ–1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ–2005 ਨਾਲ ਸੰਬੰਧਿਤ ਜਾਣਕਾਰੀ ਵੀ ਵਿਸ਼ੇਸ਼ ਰਾਸ਼ਟਰੀ ਦੈਨਿਕ ਪੱਤਰਾਂ, ਮੈਗਜ਼ੀਨਾਂ ਅਤੇ ਸਰਕਾਰੀ ਸੂਚਨਾ ਪੱਤਰਾਂ ਤੋਂ ਇਕੱਠੀ ਕੀਤੀ ਜਾ ਸਕਦੀ ਹੈ।

1. The Tribune
2. The Times of India
3. India Today

### 1.6.6. ਸਰਕਾਰੀ ਦਸਤਾਵੇਜ/ਸਾਲਾਨਾ ਰਿਪੋਰਟ/ਰਾਜ ਸਰਕਾਰਾਂ ਦੀਆਂ ਰਿਪੋਰਟਾਂ

ਰਾਸ਼ਟਰੀ ਸਿੱਖਿਆ ਨੀਤੀ–1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ–2005 ਨੂੰ ਭਾਰਤੀ ਸਿੱਖਿਆ ਦੇ ਇਤਿਹਾਸ ਵਿੱਚ ਮਹੱਤਵਪੂਰਨ ਘਟਨਾ ਮੰਨਿਆ ਜਾਂਦਾ ਹੈ। ਭਾਰਤ ਸਰਕਾਰ ਦੁਆਰਾ *NCERT* ਅਤੇ *NCTE* ਨਵੀਂ ਦਿੱਲੀ ਰਾਹੀਂ ਇਹ ਦਸਤਾਵੇਜ਼ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਾਲਾਨਾ ਰਿਪੋਰਟਾਂ ਵੀ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਕਈ ਰਾਜ ਵੀ ਇਸ ਦੀਆਂ ਪੈਰਵੀ ਰਿਪੋਰਟਾਂ ਪ੍ਰਕਾਸ਼ਿਤ ਕਰਦੇ ਹਨ।

- Survey of Educational Research (by NCERT)
- Indian Education Report (by Oxfort University Press)
- Statistical Report of India

**1.6.7. ਪੁਸਤਕਾਂ**

ਵਿਦਿਆਰਥੀ ਰਾਸ਼ਟਰੀ ਸਿੱਖਿਆ ਨੀਤੀ–1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ–2005 ਨਾਲ ਸੰਬੰਧਿਤ ਜਾਣਕਾਰੀ ਕਿਤਾਬਾਂ ਤੋਂ ਲੈ ਸਕਦੇ ਹਨ। ਇਸ ਸੂਚੀ ਵਿੱਚ ਬਹੁਤ ਸਾਰੇ ਪ੍ਰਕਾਸ਼ਕਾਂ ਦਾ ਜ਼ਿਕਰ ਆਉਂਦਾ ਹੈ। ਬਹੁਤ ਸਾਰੇ ਲੇਖਕਾਂ ਨੇ ਭਾਰਤ ਵਿੱਚ ਸਿੱਖਿਆ ਪ੍ਰਣਾਲੀ ਦੇ ਇਤਿਹਾਸ, ਸਿੱਖਿਆ ਪ੍ਰਣਾਲੀ ਦੇ ਵਿਕਾਸ ਅਤੇ ਰਾਸ਼ਟਰੀ ਸਿੱਖਿਆ ਨੀਤੀ–1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ–2005 ਬਾਰੇ ਕਿਤਾਬਾਂ ਲਿਖੀਆਂ ਹਨ। ਇਸ ਤੋਂ ਬਿਨ੍ਹਾਂ NCERT ਨੇ ਵੀ ਰਾਸ਼ਟਰੀ ਸਿੱਖਿਆ ਨੀਤੀ–1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ–2005 ਨਾਲ ਸੰਬੰਧਿਤ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਹਨ।

**1.6.8. ਜਨਤਕ ਮਾਧਿਅਮ**

ਜਨਤਕ ਮਾਧਿਅਮ ਵੀ ਰਾਸ਼ਟਰੀ ਸਿੱਖਿਆ ਨੀਤੀ–1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ–2005 ਨਾਲ ਸੰਬੰਧਿਤ ਜਾਣਕਾਰੀ ਉਪਲਬੱਧ ਕਰਾਉਂਦਾ ਹੈ। ਅਧਿਆਪਕ ਅਤੇ ਵਿਦਿਆਰਥੀਆਂ ਦੁਆਰਾ ਜਨਤਕ ਮਾਧਿਅਮ ਦੇ ਰੂਪ ਵਿੱਚ ਰੇਡੀਓ ਅਤੇ ਟੈਲੀਵੀਜਨ ਦੀ ਵਰਤੋਂ ਆਮ ਕੀਤੀ ਜਾਂਦੀ ਹੈ।

**1.6.9. ਹਵਾਲਾ ਪੁਸਤਕਾਂ**

ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਕਈ ਪ੍ਰਕਾਰ ਦੀਆਂ ਹਵਾਲਾ ਪੁਸਤਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਮੇਂ–ਸਮੇਂ 'ਤੇ ਸਿੱਖਿਆ ਸ਼ਾਸ਼ਤਰੀਆਂ ਦੁਆਰਾ ਪੁਸਤਕ ਸਰਵੇਖਣ ਵੀ ਲਿਖੇ ਜਾਂਦੇ ਹਨ।

**1.6.10. ਕਾਨਫਰੰਸ ਅਤੇ ਵਰਕਸ਼ਾਪ**

ਵੱਖ–ਵੱਖ ਸੰਸਥਾਵਾਂ ਦੁਆਰਾ ਰਾਸ਼ਟਰੀ ਸਿੱਖਿਆ ਨੀਤੀ–1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ–2005 ਦੇ ਸੰਬੰਧੀ ਕਾਨਫਰੰਸ, ਵਰਕਸ਼ਾਪ ਅਤੇ ਸੈਮੀਨਾਰ ਲਗਾਏ ਜਾਂਦੇ ਹਨ। ਇਹਨਾਂ ਸੈਮੀਨਾਰਾਂ ਆਦਿ ਵਿੱਚ ਪ੍ਰਸਤੁਤ ਕੀਤੇ ਗਏ ਪੇਪਰਾਂ ਨੂੰ ਇੱਕ ਕਿਤਾਬ ਦੇ ਰੂਪ ਵਿੱਚ ਵੀ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਹ ਵੱਖ–ਵੱਖ ਦ੍ਰਿਸ਼ਟੀਕੋਣਾਂ ਤੋਂ ਵਿਸ਼ੇ ਦੇ ਸਾਰੇ ਪੱਖਾਂ ਸਾਰੇ ਜਿਵੇਂ ਕਿ ਰਾਸ਼ਟਰੀ ਸਿੱਖਿਆ ਨੀਤੀ–1986 ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ–2005 ਬਾਰੇ ਅਨੁਮਾਨ ਲਗਾਉਣ ਦਾ ਕੰਮ ਕਰਦੇ ਹਨ।

**1.6.11. ਸੰਸਥਾਗਤ ਪ੍ਰਕਾਸ਼ਨ**

ਵੱਖ–ਵੱਖ ਸੰਸਥਾਵਾਂ ਦੁਆਰਾ ਨਿਯਮਤ ਸਮੇਂ 'ਤੇ ਕਈ ਪ੍ਰਕਾਸ਼ਨ ਕੀਤੇ ਜਾਂਦੇ ਹਨ। ਇਹ ਸੰਸਥਾਵਾਂ ਖੋਜ ਜਾਂ ਰਚਨਾ ਦੇ ਸੰਬੰਧ ਵਿੱਚ ਖੋਜ–ਪੱਤਰਾਂ ਲਈ ਸੱਦਾ ਦਿੰਦੀਆਂ ਹਨ। ਇਸ ਤਰ੍ਹਾਂ ਰਾਸ਼ਟਰੀ ਸਿੱਖਿਆ ਨੀਤੀ (1986) ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ 2005 ਜਿਹੇ ਮਹੱਤਵਪੂਰਨ ਵਿਸ਼ਿਆਂ 'ਤੇ ਵੀ ਕਈ ਸੰਸਥਾਵਾਂ ਸਮੇਂ–ਸਮੇਂ 'ਤੇ ਖੋਜ–ਪੱਤਰ ਪ੍ਰਕਾਸ਼ਿਤ ਕਰਦੀਆਂ ਹਨ।

**1.6.12. ਸਰਵੇ**

NCERT ਨਵੀਂ ਦਿੱਲੀ ਨੇ ਸਿੱਖਿਆ ਵਿੱਚ ਖੋਜ ਸਰਵੇ ਰਾਹੀਂ ਰਾਸ਼ਟਰੀ ਸਿੱਖਿਆ ਨੀਤੀ (1986) ਨੂੰ ਪ੍ਰਕਾਸ਼ਿਤ ਕੀਤਾ ਅਤੇ NCTE ਨਵੀਂ ਦਿੱਲੀ ਨੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ 2005 ਪ੍ਰਕਾਸ਼ਿਤ ਕੀਤਾ।

### 1.6.13. ਦੂਰਵਰਤੀ ਸਿੱਖਿਆ ਕੇਂਦਰ

ਕਈ ਯੂਨੀਵਰਸਿਟੀਆਂ ਦੇ ਆਪਣੇ ਸਿੱਖਿਆ ਵਿਭਾਗ ਅਤੇ ਪੱਤਰ–ਵਿਹਾਰ ਕੋਰਸ ਵਿਭਾਗ ਹਨ। ਇਹਨਾਂ ਵਿਭਾਗਾਂ ਵਿੱਚ ਵੱਖ–ਵੱਖ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਵਿਭਾਗ ਇੱਕ ਅਜਿਹਾ ਵਿਭਾਗ ਹੈ ਜਿਸ ਵਿੱਚ ਰਾਸ਼ਟਰੀ ਸਿੱਖਿਆ ਨੀਤੀ (1986) ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ 2005 ਦੇ ਪੜ੍ਹਣ ਸਾਧਨ ਦੇ ਸੰਬੰਧ ਵਿੱਚ ਵਿਦਿਆਰਥੀ ਇਹਨਾਂ ਦੀਆਂ ਲਾਇਬ੍ਰੇਰੀਆਂ ਵਿੱਚੋਂ ਕਿਤਾਬਾਂ ਅਤੇ ਹਵਾਲਾ ਪੁਸਤਕਾਂ ਪ੍ਰਾਪਤ ਕਰ ਸਕਦੇ ਹਨ। ਇੰਦਰਾ ਗਾਂਧੀ ਰਾਸ਼ਟਰੀ ਓਪਨ ਯੂਨੀਵਰਸਿਟੀ, ਪੰਜਾਬ ਯੂਨੀਰਵਸਿਟੀ, ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਆਦਿ ਕੁੱਝ ਅਜਿਹੀਆਂ ਯੂਨੀਵਰਸਿਟੀਆਂ ਹਨ।

### 1.6.14. ਸਮਾਜਿਕ ਮਾਧਿਅਮ

ਅਧਿਆਪਕਾਂ, ਸਿੱਖਿਆ ਸ਼ਾਸ਼ਤਰੀਆਂ ਅਤੇ ਵਿਦਿਆਰਥੀਆਂ ਦੁਆਰਾ ਇੰਟਰਨੈੱਟ ਦੀ ਮਦਦ ਨਾਲ ਸਮੂਹ ਬਣਾਏ ਗਏ ਹਨ। ਇਹ ਸਮੂਹ Facebook, Whatsapp, Instagram ਆਦਿ ਨੈੱਟਵਰਕ ਸਾਇਟਾਂ 'ਤੇ ਬਣਾਏ ਗਏ ਹਨ। ਇਹਨਾਂ ਰਾਹੀਂ ਸਮੇਂ–ਸਮੇਂ 'ਤੇ ਸਿੱਖਿਆ ਸੰਬੰਧੀ ਨਵੀਂ ਜਾਣਕਾਰੀ ਦਾ ਆਦਾਨ–ਪ੍ਰਦਾਨ ਕੀਤਾ ਜਾਂਦਾ ਹੈ।

## 1.7. ਸੰਖੇਪ ਸਾਰ

ਪੜ੍ਹਣ ਸਾਧਨ ਉਹ ਸਾਧਨ ਹਨ ਜੋ ਸਿਖਿਆਰਥੀ ਦੇ ਜੀਵਨ ਵਿੱਚ ਪੜ੍ਹਣ ਲਈ ਮੁੱਖ ਰੋਲ ਅਦਾ ਕਰਦੇ ਹਨ। ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਰਾਸ਼ਟਰੀ ਸਿੱਖਿਆ ਨੀਤੀ (1986) ਅਤੇ ਰਾਸ਼ਟਰੀ ਪਾਠਕ੍ਰਮ ਰੂਪ–ਰੇਖਾ 2005 ਮੀਲ ਪੱਥਰ ਹਨ ਅਤੇ ਇਸਦੇ ਵੱਖ–ਵੱਖ ਪੜ੍ਹਣ ਸਾਧਨ ਹਨ। ਆਈ. ਟੀ. ਸੀ. ਵਿੱਚ ਕ੍ਰਾਂਤੀ ਦੇ ਕਾਰਨ ਪੜ੍ਹਣ ਸਾਧਨਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ ਹੈ। ਲਾਇਬ੍ਰੇਰੀਆਂ, ਪਤ੍ਰਿਕਾਵਾਂ, ਦੂਰਵਰਤੀ ਸਿੱਖਿਆ ਕੇਂਦਰ ਅਤੇ ਈ–ਪਤ੍ਰਿਕਾਵਾਂ ਇਹਨਾਂ ਵਿੱਚੋਂ ਮੁੱਖ ਹਨ।

## 1.8. ਸ਼ਬਦਾਵਲੀ

**ਇਨਕਲਾਬ:** ਪਰਿਵਰਤਨ

**ਸਾਫਟਵੇਅਰ:** ਕੰਪਿਊਟਰ ਦੁਆਰਾ ਵਰਤਿਆ ਜਾਣ ਵਾਲਾ ਪ੍ਰੋਗਰਾਮ

**ਕਲਪਨਾ:** ਆਉਣ ਵਾਲੇ ਸਮੇਂ ਬਾਰੇ ਸੋਚਣਾ

**ਦਸਤਾਵੇਜ਼:** ਉਹ ਸਮੱਗਰੀ ਜੋ ਕਿ ਅਸਲ ਜਾਣਕਾਰੀ ਪ੍ਰਦਾਨ ਕਰਦੀ ਹੈ ਜਾਂ ਸਬੂਤ ਜਾਂ ਜਿਸਨੂੰ ਰਿਕਾਰਡ ਦੇ ਤੌਰ 'ਤੇ ਰੱਖਿਆ ਜਾਂਦਾ ਹੈ।

**ਪੁਨਰ–ਉਧਾਰ:** ਦੁਬਾਰਾ ਪ੍ਰਾਪਤ ਕਰਨਾ

## 1.9. ਪੜ੍ਹਨ ਸੁਝਾਅ


- *National Curriculum Framework for School Education: Salient Features and Summary*, NCERT.2000.
- www.ncert.nic.in>oth_anoum>npe1986Retrieved on January 17,2017.
- www.mhrd.gov.in>upload_document>npe
- www.ncert.nic.in>pdf>english>nf2005

## 1.10. ਪ੍ਰਸ਼ਨ ਸੁਝਾਅ

ਪ੍ਰਸ਼ਨ 1. ਪੜ੍ਹਣ ਸਾਧਨਾਂ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ 2. ਰਾਸ਼ਟਰੀ ਸਿੱਖਿਆ ਨੀਤੀ (1986) ਦੇ ਕੁੱਝ ਪੜ੍ਹਣ ਸਾਧਨਾਂ ਦੇ ਨਾਮ ਦੱਸੋ?

ਪ੍ਰਸ਼ਨ 3. ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਦੇ ਕੁੱਝ ਪੜ੍ਹਣ ਸਾਧਨਾਂ ਦੇ ਨਾਮ ਦੱਸੋ?

## 1.11. ਸਵੈ-ਜਾਂਚ ਅਭਿਆਸ

1. ........................................ ਪੁਸਤਕਾਂ, ਵੀਡੀਓ, ਸਾਫਟਵੇਅਰ ਅਤੇ ਹੋਰ ਸਾਧਨ ਹੋ ਸਕਦੇ ਹਨ।
2. NCERT ਦਾ ਪੂਰਾ ਨਾਮ ਹੈ...........................................................................................
3. ਰਾਸ਼ਟਰੀ ਸਿੱਖਿਆ ਨੀਤੀ ........................ ਵਿੱਚ ਪੇਸ਼ ਕੀਤੀ ਗਈ।
4. ਰਾਸ਼ਟਰੀ ਪਾਠਕ੍ਰਮ ਰੂਪ-ਰੇਖਾ 2005 ਉਹਨਾਂ ਪਾਠਕ੍ਰਮ ਰੂਪ-ਰੇਖਾਵਾਂ ਵਿੱਚੋਂ ਇੱਕ ਹੈ ਜੋ 1975, .........., 2000 ਅਤੇ 2005 ਵਿੱਚ ਪੇਸ਼ ਕੀਤੇ ਗਏ।

## ਉੱਤਰ-ਸੂਚੀ

**1.**ਪੜ੍ਹਣ ਸਾਧਨ **2.** National Council of Education, Research and Training **3.** 1986 **4.** 1988,

ਪਾਠ ਨੰ: 1.2 ਲੇਖਕ : ਡਾ. ਪੁਸ਼ਪਿੰਦਰ ਕੌਰ

## ਐੱਨ.ਪੀ.ਈ.-1986 ਅਤੇ ਐੱਨ.ਸੀ.ਐੱਫ. ਦੇ ਮੁੱਖ ਤੱਤਾਂ ਦਾ ਪ੍ਰਤੀਕਰਮ : ਉਦੇਸ਼, ਪੈਡਾਗੋਜੀ ਅਤੇ ਮੁਲਾਂਕਣ

**ਮੁਲਾਂਕਣ**

ਢਾਂਚਾ


2.1 ਉਦੇਸ਼

2.2 ਭੂਮਿਕਾ

2.3 ਐੱਨ.ਪੀ.ਈ.-1986 ਅਤੇ ਉਦੇਸ਼

2.4 ਐੱਨ.ਪੀ.ਈ.-1986 ਅਤੇ ਪੈਡਾਗੋਜੀ

2.5 ਐੱਨ.ਪੀ.ਈ.-1986 ਅਤੇ ਮੁਲਾਂਕਣ

2.6 ਸਵੈ-ਮੁਲਾਂਕਣ

2.7 ਐੱਨ.ਸੀ.ਐੱਫ.-2005 ਅਤੇ ਉਦੇਸ਼

2.8 ਐੱਨ.ਸੀ.ਐੱਫ.-2005 ਅਤੇ ਪੈਡਾਗੋਜੀ

2.9 ਐੱਨ.ਸੀ.ਐੱਫ.-2005 ਅਤੇ ਮੁਲਾਂਕਣ

2.10 ਸੰਖੇਪ

2.11 ਸੁਝਾਏ ਸਵਾਲ

2.12 ਸੁਝਾਅ ਸਮੱਗਰੀ


### 2.1 ਉਦੇਸ਼ :

I. ਐੱਨ.ਪੀ.ਈ.-1986 ਅਤੇ ਐੱਨ.ਸੀ.ਐੱਫ.-2005 ਦੇ ਉਦੇਸ਼ਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣਾ।

II. ਐੱਨ.ਪੀ.ਈ.-1986 ਅਤੇ ਐੱਨ.ਸੀ.ਐੱਫ.-2005 ਦੀ ਪੈਡਾਗੋਜੀ ਬਾਰੇ ਜਾਣਕਾਰੀ ਦੇਣਾ।

III. ਵਿਦਿਆਰਥੀਆਂ ਨੂੰ ਐੱਨ.ਪੀ.ਈ.-1986 ਅਤੇ ਐੱਨ.ਸੀ.ਐੱਫ.-2005 ਦੀ ਮੁਲਾਂਕਣ ਪ੍ਰੀਕਿਰਿਆ ਬਾਰੇ ਜਾਣਕਾਰੀ ਦੇਣਾ।

### 2.2 ਭੂਮਿਕਾ :

ਆਜ਼ਾਦੀ ਤੋਂ ਬਾਅਦ ਸਾਡੇ ਦੇਸ਼ ਵਿੱਚ ਸਿੱਖਿਆ ਦੀਆਂ ਤਿੰਨ ਨੀਤੀਆਂ ਦੀ ਸ਼ਲਾਘਾ ਕੀਤੀ ਗਈ ਹੈ। ਪਹਿਲੀ ਨੀਤੀ 1968 ਵਿੱਚ ਬਣਾਈ ਗਈ। ਇਸ ਤੋਂ ਬਾਅਦ 1979 ਵਿੱਚ ਸਿੱਖਿਆ ਨੀਤੀ ਵਿੱਚ ਸੁਧਾਰ ਕਰਨ ਲਈ ਯਤਨ ਕੀਤੇ ਗਏ ਸਨ ਪਰੰਤੂ ਇਹ ਲਗਭਗ ਕਾਗਜ਼ਾਂ ਵਿੱਚ ਹੀ ਰਿਹਾ। ਸਿੱਖਿਆ ਦੀ ਤੀਜੀ ਨੀਤੀ ਨੂੰ ਕੌਮੀ ਸਿੱਖਿਆ ਨੀਤੀ 1986 ਵਜੋਂ ਜਾਣਿਆ ਜਾਂਦਾ ਹੈ। ਇਸ ਨੂੰ ਨਵੀਂ ਸਿੱਖਿਆ ਨੀਤੀ ਵੀ ਕਿਹਾ ਜਾਂਦਾ ਹੈ। ਇਸ ਨੀਤੀ ਨੂੰ ਲਗਭਗ 10000 ਸ਼ਬਦਾਂ, 29 ਪੰਨਿਆਂ ਉੱਪਰ 12 ਭਾਗਾਂ ਵਿੱਚ ਵੰਡਿਆ ਗਿਆ ਹੈ। ਇਸ

ਸਿੱਖਿਆ ਨੀਤੀ ਵਿੱਚ 21ਵੀਂ ਸਦੀ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਹਰੇਕ ਲੇਖ ਨੂੰ ਮਨੁੱਖੀ ਵਿਕਾਸ ਦੇ ਸੰਦਰਭ ਵਿੱਚ ਗ੍ਰਹਿਣ ਕੀਤਾ ਗਿਆ ਸੀ।

ਰਾਸ਼ਟਰੀ ਪਾਠਕ੍ਰਮ ਢਾਂਚੇ 2005 ਨੂੰ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (NCERT) ਭਾਰਤ ਦੁਆਰਾ 1975, 1988, 2000 ਅਤੇ 2005 ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਹ ਫਰੇਮਵਰਕ ਭਾਰਤ ਦੇ ਸਕੂਲ ਸਿੱਖਿਆ ਪ੍ਰੋਗਰਾਮਾਂ ਵਿੱਚ ਸਿਲੇਬਸ, ਪਾਠ ਪੁਸਤਕਾਂ ਅਤੇ ਸਿਖਲਾਈ ਦੀਆਂ ਨੀਤੀਆਂ ਬਣਾਉਣ ਲਈ ਇੱਕ ਢਾਂਚਾ ਪ੍ਰਦਾਨ ਕਰਦਾ ਹੈ। ਐਨ.ਸੀ.ਐਫ.-2005 ਦਾ ਅਨੁਵਾਦ 22 ਭਾਸ਼ਾਵਾਂ ਵਿੱਚ ਕੀਤਾ ਗਿਆ ਅਤੇ ਇਸ ਨੇ ਭਾਰਤ ਦੇ 17 ਰਾਜਾਂ ਦੇ ਪਾਠਕ੍ਰਮ ਨੂੰ ਪ੍ਰਭਾਵਿਤ ਕੀਤਾ। ਇਸ ਢਾਂਚੇ ਦਾ ਨਿਰਮਾਣ ਯੂ.ਜੀ.ਸੀ. ਦੇ ਸਾਬਕਾ ਚੈਅਰਮੈਨ ਪ੍ਰੋ: ਯਸ਼ਪਾਲ ਦੀ ਅਗਵਾਈ ਹੇਠ 21 ਜੁਲਾਈ 2004 ਨੂੰ ਇੱਕ ਰਾਸ਼ਟਰੀ ਸਟੀਅਰਿੰਗ ਕਮੇਟੀ ਅਤੇ ਨੈਸ਼ਨਲ ਫੋਕਸ ਗਰੁੱਪ ਦੁਆਰਾ ਕੀਤਾ ਗਿਆ।ਇਸ ਢਾਂਚੇ ਦਾ ਨਿਰਮਾਣ ਯੂ.ਜੀ.ਸੀ. ਦੇ ਸਾਬਕਾ ਚੈਅਰਮੈਨ ਪ੍ਰੋ: ਯਸ਼ਪਾਲ ਦੀ ਅਗਵਾਈ ਹੇਠ 21 ਜੁਲਾਈ 2004 ਨੂੰ ਇੱਕ ਰਾਸ਼ਟਰੀ ਸਟੀਅਰਿੰਗ ਕਮੇਟੀ ਅਤੇ ਨੈਸ਼ਨਲ ਫੋਕਸ ਗਰੁੱਪ ਦੁਆਰਾ ਕੀਤਾ ਗਿਆ। ਇਸ ਫਰੇਮਵਰਕ ਦਾ ਖਰੜਾ NCERT ਦੁਆਰਾ ਤਿਆਰ ਕਰ ਕੇ ਜੁਲਾਈ 2005 ਵਿੱਚ CABE ਵਿੱਚ ਰੱਖਿਆ ਗਿਆ ਅਤੇ ਆਖ਼ਰਕਾਰ ਦਸੰਬਰ 2005 ਵਿੱਚ ਇਹ ਕੌਮੀ ਪਾਠਕ੍ਰਮ ਨੂੰ CABE ਦੁਆਰਾ ਮਨਜ਼ੂਰ ਕੀਤਾ ਗਿਆ।

## 2.3 ਸਿੱਖਿਆ ਦੀ ਰਾਸ਼ਟਰੀ ਨੀਤੀ-1986 ਅਤੇ ਉਦੇਸ਼ :

ਸਿੱਖਿਆ ਦੀ ਰਾਸ਼ਟਰੀ ਨੀਤੀ 1986 ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਹੇਠ ਲਿਖੇ ਉਦੇਸ਼ਾਂ ਤੇ ਅਧਾਰਿਤ ਹੈ।

1) ਸਿੱਖਿਆ ਨੀਤੀ ਦਾ ਉਦੇਸ਼ ਇੱਕ ਸਾਂਝੇ ਢਾਂਚੇ ਨੂੰ ਪੂਰੇ ਰਾਸ਼ਟਰ ਵਿੱਚ ਲਾਗੂ ਕਰਨਾ ਸੀ। ਇਸ ਤਰ੍ਹਾਂ 10+2+3 ਢਾਂਚਾ ਪੂਰੇ ਰਾਸ਼ਟਰ ਵਿੱਚ ਅਪਣਾਇਆ ਗਿਆ।
2) ਸਿੱਖਿਆ ਨੀਤੀ ਦਾ ਇੱਕ ਉਦੇਸ਼ ਇੱਕ ਕੌਮੀ ਪਾਠਕ੍ਰਮ ਦਾ ਢਾਂਚਾ ਵਿਕਸਿਤ ਕਰਨਾ ਸੀ। ਜਿਸ ਵਿੱਚ ਕੁਝ ਮੁੱਖ ਵਿਸ਼ਿਆਂ ਦੇ ਨਾਲ ਨਾਲ ਕੁਝ ਲਚਕਦਾਰ ਤੱਤ ਪਾਏ ਜਾਣ।
3) ਦੇਸ਼ ਵਿੱਚ ਸ਼ਾਂਤੀ ਅਤੇ ਸਮਝ ਬਾਰੇ ਸੰਸਾਰ ਦੇ ਨਜ਼ਰੀਏ ਨੂੰ ਮਜ਼ਬੂਤ ਕਰਨਾ।
4) ਵਿੱਦਿਅਕ ਮੌਕਿਆ ਦੀ ਸਮਾਨਤਾ ਦੁਆਰਾ ਲੋਕਾਂ ਵਿੱਚ ਸਮਾਨਤਾ ਨੂੰ ਪ੍ਰਫੁੱਲਤ ਕਰਨਾ।
5) ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿ ਰਹੇ ਲੋਕਾਂ ਦੇ ਸੱਭਿਆਚਾਰ ਅਤੇ ਸਮਾਜਕ ਵਿਸ਼ਿਆਂ ਦੀ ਸਮਝ ਨੂੰ ਵਧਾਉਣ ਲਈ ਪਲੇਟਫਾਰਮ ਤਿਆਰ ਕਰਨਾ।
6) ਲਿੰਕ ਭਾਸ਼ਾ ਅਤੇ ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਕਿਤਾਬਾਂ ਦੇ ਅਨੁਵਾਦ ਨੂੰ ਵਧਾਵਾ ਦੇਣਾ, ਬਹੁ-ਭਾਸ਼ਾਈ ਕੋਸ਼ਾਂ ਅਤੇ ਸ਼ਬਦਾਵਲੀ ਦਾ ਪ੍ਰਕਾਸ਼ਨ ਕਰਨਾ।
7) ਖੋਜ ਅਤੇ ਖੋਜ ਦੇ ਵਿਕਾਸ ਦੇ ਖੇਤਰ ਨੂੰ ਸੁਚਾਰੂ ਅਤੇ ਮਜ਼ਬੂਤ ਕਰਨ ਦੇ ਨਾਲ-ਨਾਲ ਨਵੀਆਂ ਸੰਸਥਾਵਾਂ ਅਤੇ ਸਰੋਤਾਂ ਦਾ ਵਿਕਾਸ ਕਰਨਾ।
8) ਨੌਜਵਾਨਾਂ, ਔਰਤਾਂ, ਖੇਤੀਬਾੜੀ ਮਜ਼ਦੂਰਾਂ, ਉਦਯੋਗਿਕ ਕਾਮਿਆ ਅਤੇ ਹੋਰ ਪੇਸ਼ਾਵਰਾਂ ਨੂੰ ਸਿੱਖਿਆ ਦੇ ਓਪਨ ਮੋਡ ਰਾਹੀਂ ਜੀਵਨ ਭਰ ਸਿੱਖਿਆ ਦੀ ਵਿਵਸਥਾ ਕਰਨਾ।

ਉਪਰੋਕਤ ਦੱਸੇ ਗਏ ਸਾਰੇ ਉਦੇਸ਼ ਮੌਜੂਦਾ ਸਿੱਖਿਆ ਪ੍ਰਣਾਲੀ ਦੇ ਆਦਰਸ਼ ਉਦੇਸ਼ ਹਨ। ਇਹ ਸਿੱਖਿਆ ਪ੍ਰਣਾਲੀ ਕੌਮ ਨੂੰ ਸੁਚੇਤ ਅਤੇ ਜਾਗ੍ਰਿਤ ਨਾਗਰਿਕਾਂ ਨੂੰ ਮੁਹੱਈਆ ਕਰਵਾਉਣ ਲਈ ਜਵਾਬਦੇਹ ਹੈ। ਜੋ ਸਰੀਰਕ, ਮਾਨਸਿਕ, ਸਮਾਜਕ ਅਤੇ ਆਰਥਿਕ ਤੌਰ ਤੇ ਲੈਸ ਹੋਣ। ਮੌਜੂਦਾ ਸਿੱਖਿਆ ਪ੍ਰਣਾਲੀ ਕੌਮੀ ਅਤੇ ਸੱਭਿਆਚਾਰਕ

ਵਿਰਾਸਤ ਦੀ ਰਾਖੀ ਲਈ ਭੌਤਿਕ ਅਤੇ ਮਾਨਵੀ ਵਸੀਲਿਆ ਦੀ ਸਥਾਈ ਵਰਤੋਂ ਵਾਸਤੇ ਕੰਮ ਕਰ ਰਹੀ ਹੈ। ਇਹ ਉਦੇਸ਼ ਸਿੱਖਿਆ ਨੂੰ ਅਜਿਹੇ ਰਾਹ ਪ੍ਰਦਾਨ ਕਰਦੇ ਹਨ ਜਿਨ੍ਹਾਂ ਉਪਰ ਚੱਲ ਕੇ ਵਿੱਦਿਆਰਥੀ ਆਪਣੀ ਰੋਜ਼ੀ ਰੋਟੀ ਕਮਾਉਣ, ਸਮਾਜ ਦੀ ਸੇਵਾ ਕਰਨ ਅਤੇ ਮਨੁੱਖਤਾ ਦੀ ਭਲਾਈ ਲਈ ਕੌਮੀ ਸੇਵਾ ਕਰਨ ਦੇ ਯੋਗ ਬਣਦੇ ਹਨ। ਅਜਿਹੀ ਸਿੱਖਿਆ ਨਾਗਰਿਕਾਂ ਨੂੰ ਮਨੁੱਖੀ ਕਦਰਾਂ ਕੀਮਤਾਂ ਭਰਪੂਰ ਜ਼ਿੰਦਗੀ ਅਗਲੀ ਪੀੜ੍ਹੀ ਨੂੰ ਪ੍ਰਸਾਰਿਤ ਕਰਦੀ ਹੈ। ਸਿੱਖਿਆ ਦਾ ਕੌਮੀ ਪਾਠਕ੍ਰਮ ਵਿਦਿਆਰਥੀਆਂ ਨੂੰ ਵਿਗਿਆਨ ਅਤੇ ਤਕਨਾਲੋਜੀ ਬਾਰੇ ਚੇਤੰਨ ਬਣਾ ਕੇ ਉਹਨਾਂ ਦੀ ਸੋਚ ਅਤੇ ਰਵੱਈਏ ਦਾ ਅਧੁਨੀਕੀਕਰਨ ਕਰਦਾ ਹੋਇਆ ਰਾਸ਼ਟਰ ਨੂੰ ਤਰੱਕੀ ਦੇ ਰਾਹ ਤੇ ਲੈ ਕੇ ਜਾਂਦਾ ਹੈ।

### 2.4 ਸਿੱਖਿਆ ਦੀ ਕੌਮੀ ਨੀਤੀ 1986 ਅਤੇ ਪੈਡਾਗੋਜ਼ੀ :

ਸਿੱਖਿਆ ਦੀ ਕੌਮੀ ਨੀਤੀ ਪੂਰੀ ਕੌਮ ਨੂੰ ਵਿਦਿਅਕ ਬਦਲਾਅ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਨ, ਅਸਮਾਨਤਾਵਾਂ ਨੂੰ ਘਟਾਉਣ, ਸ਼ੁਰੂਆਤੀ ਸਿੱਖਿਆ ਦਾ ਸਰਬਵਿਆਪੀਕਰਨ, ਬਾਲਗ ਸਾਖਰਤਾ, ਵਿਗਿਆਨਕ ਅਤੇ ਤਕਨੀਕੀ ਖੋਜ ਆਦਿ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੀ ਜਿੰਮੇਵਾਰੀ ਵੱਲ ਅਗਵਾਈ ਕਰਦੀ ਹੈ। ਇਸ ਦਾ ਵਿਸਤਾਰ ਹੇਠ ਲਿਖੇ ਅਨੁਸਾਰ ਹੈ।

### (1) ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ :

ਇਸ ਸਿੱਖਿਆ ਨੀਤੀ ਦੀ ਰੋਸ਼ਨੀ ਹੇਠ ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ ਨੂੰ ਉਚ ਤਰਜੀਹ ਦਿੱਤੀ ਗਈ ਹੈ। ECCE ਨੂੰ ਮਨੁੱਖੀ ਸਰੋਤ ਪ੍ਰਬੰਧਨ ਦੀ ਰਣਨੀਤੀ ਵਿੱਚ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮੁਫਤ ਮੁੱਢਲੀ ਸਿੱਖਿਆ ਅਤੇ ਸਹਾਇਤਾ ਪ੍ਰੋਗਰਾਮ ਅਤੇ ਕੰਮ ਕਾਜੀ ਔਰਤਾਂ ਦੀ ਸਹਾਇਤਾ ਲਈ ਸਮਾਜ ਦੀ ਸ਼ਮੂਲੀਅਤ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ ਗਿਆ ਹੈ।

### (2) ਐਲੀਮੈਂਟਰੀ ਸਿੱਖਿਆ :

14 ਸਾਲ ਦੀ ਉਮਰ ਪੂਰੀ ਹੋਣ ਤੱਕ ਸਾਰੇ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਨਾ ਸੰਵਿਧਾਨ ਦਾ ਨਿਰਦੇਸ਼ਕ ਸਿਧਾਂਤ ਹੈ। ਕੌਮੀ ਸਿੱਖਿਆ ਨੀਤੀ 1986 ਦੁਆਰਾ ਸਿੱਖਿਆ ਦੇ ਸਰਵ ਵਿਆਪੀਕਰਨ ਨੂੰ ਯੋਗ ਤਰਜੀਹ ਦਿੱਤੀ ਗਈ। 14 ਸਾਲ ਦੀ ਉਮਰ ਤੱਕ ਬੱਚਿਆ ਦਾ ਸਰਵ ਵਿਆਪਕ ਦਾਖਲਾ, ਰੱਖ ਰਖਾਵ ਅਤੇ ਸਿੱਖਿਆ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ ਕੀਤੇ ਗਏ। ਵਿਦਿਆਰਥੀ ਕੇਂਦਰਿਤ ਪਹੁੰਚ ਦੀ ਸ਼ੁਰੂਆਤ ਵੀ N.P.E. 1986 ਵਿੱਚ ਹੀ ਹੋਈ। ਸਕੂਲ ਦੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਨੂੰ ਵਿਦਿਆਰਥੀ ਕੇਂਦਰਿਤ ਬਣਾਇਆ ਗਿਆ। ਇਸ ਨੀਤੀ ਦੁਆਰਾ ਸਕੂਲਾਂ ਵਿੱਚ ਹੋ ਰਹੇ ਅਨੈਤਿਕ ਕਾਰਜਾਂ, ਅਸੰਤੋਖਜਨਕ ਬੁਨਿਆਦੀ ਢਾਂਚੇ ਅਤੇ ਪੜ੍ਹਾਈ ਸੰਬੰਧੀ ਸਮੱਗਰੀ ਦੀ ਘਾਟ ਅਤੇ ਮਾਪਿਆਂ ਲਈ ਪ੍ਰੇਰਿਤ ਕਰਨ ਵਾਲੇ ਕਾਰਕਾਂ ਬਾਰੇ ਸੁਧਾਰ ਕਰਨ ਦੀ ਵਿਵਸਥਾ ਤੇ ਵਿਚਾਰ ਕੀਤਾ ਗਿਆ।

### (3) ਸਕੂਲ ਅਤੇ ਸਹੂਲਤਾਂ :

ਹਰ ਪ੍ਰਾਇਮਰੀ ਸਕੂਲ ਵਿੱਚ ਲੋੜੀਦੀਆਂ ਸਹੂਲਤਾਂ ਦੀ ਵਿਵਸਥਾ ਕੀਤੀ ਗਈ ਜਿਸ ਅਧੀਨ ਹਰ ਸਕੂਲ ਵਿੱਚ ਦੋ ਵੱਡੇ ਕਮਰੇ ਜੋ ਹਰ ਮੌਸਮ ਵਿੱਚ ਉਪਯੋਗੀ ਹੋਣ, ਘੱਟ ਤੋਂ ਘੱਟ ਦੋ ਅਧਿਆਪਕ ਜਿਨ੍ਹਾਂ ਵਿਚੋਂ ਇੱਕ ਔਰਤ ਹੋਵੇ ਅਤੇ ਲੋੜੀਂਦੇ ਖਿਡੌਣੇ, ਕਾਲਾ ਬੋਰਡ, ਨਕਸ਼ੇ, ਚਾਰਟ ਅਤੇ ਹੋਰ ਅਧਿਆਪਨ-ਸਿੱਖਣ ਸਮੱਗਰੀ ਦੀ ਵਿਵਸਥਾ ਕੀਤੀ ਗਈ। ਉਪਰੋਕਤ ਸਾਰੀਆਂ ਵਿਵਸਥਾਵਾਂ ਅਪਰੇਸ਼ਨ ਬਲੈਕ ਬੋਰਡ ਦੇ ਤਹਿਤ ਕੀਤੀਆਂ ਗਈਆਂ। ਇਸ ਤੋਂ ਇਲਾਵਾ ਜਿੰਨੀ ਛੇਤੀ ਹੋ ਸਕੇ ਹਰ ਅਧਿਆਪਕ ਪ੍ਰਤੀ ਕਲਾਸ ਦੀ ਗਿਣਤੀ ਵਿੱਚ ਵਾਧੇ ਲਈ ਕਾਰਜਸ਼ੀਲ ਹੋਵੇਗਾ। ਅਪਰੇਸ਼ਨ ਬਲੈਕ ਬੋਰਡ ਤਹਿਤ ਸੁਧਾਰ ਕਰਨ ਲਈ ਸਥਾਨਕ ਸੰਸਥਾਵਾਂ, ਸਵੈ-ਇੱਛਕ ਏਜੰਸੀਆਂ ਅਤੇ

ਹੋਰ ਵਿਅਕਤੀਗਤ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਸ਼ਾਮਿਲ ਕਰਨ ਲਈ ਪ੍ਰਭਾਵ ਨਾਲ ਕੰਮ ਕੀਤਾ ਗਿਆ।

**(4) ਗੈਰ-ਰਸਮੀ ਸਿੱਖਿਆ :**

ਕੌਮੀ ਸਿੱਖਿਆ ਨੀਤੀ ਅਨੁਸਾਰ ਸਮੇਂ ਤੋਂ ਪਹਿਲਾਂ ਸਕੂਲ ਛੱਡਣ ਵਾਲੇ ਬੱਚਿਆਂ ਲਈ ਗੈਰ ਰਸਮੀ ਸਿੱਖਿਆ ਦਾ ਵੱਡਾ ਅਤੇ ਯੋਜਨਾਬੱਧ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬੱਚਿਆਂ ਦੇ ਰਹਿਣ ਦਾ ਪ੍ਰਬੰਧ, ਕੰਮ ਕਰਨ ਵਾਲੇ ਲੜਕੇ ਅਤੇ ਲੜਕੀਆਂ ਜੋ ਦਿਨ ਵਿੱਚ ਸਕੂਲ ਨਹੀਂ ਆ ਸਕਦੇ ਲਈ ਗੈਰ ਰਸਮੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ। ਇਸ ਪ੍ਰਬੰਧ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਬਿਜਲੀ ਉਤਪਾਦਨ ਵਾਲੇ ਸੋਲਰ ਪੈਕਸ, ਆਡੀਓ ਵਿਜੁਅਲ ਸਮੱਗਰੀ ਅਤੇ ਖੇਡਾਂ ਦੇ ਸਮਾਨ ਦਾ ਪ੍ਰਬੰਧ ਗੈਰ ਰਸਮੀ ਸਿੱਖਿਆ ਦੇ ਵਾਤਾਵਰਨ ਨੂੰ ਸੁਧਾਰਨ ਅਤੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਿਆਰ ਕੀਤਾ ਗਿਆ।

**(5) ਸੈਕੰਡਰੀ ਸਿੱਖਿਆ ਅਤੇ ਨਵੋਦਿਆ ਵਿਦਿਆਲਿਆ :**

ਸਿੱਖਿਆ ਨੀਤੀ ਅਨੁਸਾਰ ਸੈਕੰਡਰੀ ਸਿੱਖਿਆ ਇੱਕ ਅਜਿਹਾ ਪੜਾਅ ਹੈ ਜਿਸ ਤੋਂ ਬਾਅਦ ਵਿਦਿਆਰਥੀ ਨੇ ਵਿਵਸਾਇਕ ਖੇਤਰ ਵਿੱਚ ਪ੍ਰਵੇਸ਼ ਕਰਨਾ ਹੁੰਦਾ ਹੈ ਅਤੇ ਇਹੀ ਵਿਦਿਆਰਥੀਆਂ ਲਈ ਇੱਕ ਮਜ਼ਬੂਤ ਵਿਵਸਾਇਕ ਸਕੀਮ ਨੂੰ ਸਿੱਖਿਆ ਰਣਨੀਤੀ ਦਾ ਮੁੱਖ ਹਿੱਸਾ ਤਿਆਰ ਕੀਤਾ ਜਾਵੇ। ਬਾਕੀ ਵਿਦਿਆਰਥੀ ਜਿਨ੍ਹਾਂ ਨੇ ਉੱਚ ਸਿੱਖਿਆ ਲਈ ਤਿਆਰੀ ਕਰਨੀ ਹੈ ਉਨ੍ਹਾਂ ਲਈ ਵੀ ਪ੍ਰਬੰਧ ਕੀਤਾ ਜਾਵੇਗਾ :

(a) ਪੱਛੜੇ ਖੇਤਰਾਂ ਤੱਕ ਸੈਕੰਡਰੀ ਸਿੱਖਿਆ ਦੀ ਪਹੁੰਚ ਯਕੀਨੀ ਕਰਨਾ।

(b) ਸਕੂਲਾਂ ਦੀ ਆਪਸੀ ਇਕਸੁਰਤਾ ਲਈ ਪ੍ਰੋਗਰਾਮ।

(c) ਨਵੋਦਿਆ ਵਿਦਿਆਲਿਆ ਦੀ ਸਥਾਪਨਾ।

**(6) ਵੋਕੇਸ਼ਨੇਲਾਈਜੇਸ਼ਨ ਅਤੇ ਸਿੱਖਿਆ :**

ਕੌਮੀ ਨੀਤੀ ਨੇ ਵਿਵਸਾਇਕ ਸਿੱਖਿਆ ਦੀ ਯੋਗ ਵਿਵਸਥਾ, ਯੋਜਨਾਬੱਧ ਪ੍ਰੋਗਰਾਮ ਅਤੇ ਸਖ਼ਤ ਲਾਗੂ ਵਿਵਸਥਾਵਾਂ ਦਾ ਮਕਸਦ ਅਤੇ ਵਿਦਿਅਕ ਪੁਨਰਗਠਨ ਦੀ ਮਹੱਤਤਾ ਤੇ ਬਹੁਤ ਜ਼ੋਰ ਦਿੱਤਾ ਹੈ। ਇਹ ਤੱਤ ਨਿੱਜੀ ਰੋਜ਼ਗਾਰ ਵਧਾਉਣ, ਕੁਸ਼ਲ ਮਨੁੱਖੀ ਸ਼ਕਤੀ ਦੀ ਮੰਗ ਅਤੇ ਸਪਲਾਈ ਵਿੱਚ ਸਮਾਨਤਾ ਲਿਆਉਣ ਅਤੇ ਬਿਨਾਂ ਕਿਸੇ ਸਮੱਸਿਆ ਦੇ ਉੱਚ ਸਿੱਖਿਆ ਹਾਸਲ ਕਰਨ ਲਈ ਬਹੁਤ ਜ਼ਰੂਰੀ ਹਨ।

**(7) ਉੱਚ ਸਿੱਖਿਆ :**

ਕੌਮੀ ਨੀਤੀ ਅਨੁਸਾਰ ਉੱਚ ਸਿੱਖਿਆ ਵਿੱਚ ਲੋੜੀਂਦੀ ਗਤੀਸ਼ੀਲਤਾ ਉੱਪਰ ਪ੍ਰਭਾਵ ਪਾਉਣ ਲਈ ਪ੍ਰੋਗਰਾਮਾਂ ਅਤੇ ਨੀਤੀਆਂ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਲਾਜ਼ਮੀ ਕਰਨ ਦਾ ਸੁਝਾਅ ਦਿੱਤਾ ਗਿਆ :

(a) ਸੰਸਥਾਵਾਂ ਵਿੱਚ ਇਕਸੁਰਤਾ ਅਤੇ ਵਿਸਤਾਰ

(b) ਮੁੜ ਸਗੰਠਿਤ ਕੋਰਸ

(c) ਅਧਿਆਪਕ ਦੀ ਸਿਖਲਾਈ

(d) ਖੁਦਮੁਖਤਾਰ ਕਾਲਜਾਂ ਦਾ ਵਿਕਾਸ ਕਰਨਾ

(e) ਖੋਜ ਕਾਰਜ ਨੂੰ ਮਜ਼ਬੂਤ ਬਣਾਉਣਾ

(f) ਕਾਰਜਸ਼ੀਲਤਾ ਵਿੱਚ ਸੁਧਾਰ

(g) ਰਾਜ ਅਤੇ ਕੌਮੀ ਪੱਧਰ ਤੇ ਤਾਲਮੇਲ

(h) ਕਾਰਜਸ਼ੀਲਤਾ।

**(8) ਓਪਨ ਯੂਨੀਵਰਸਿਟੀ ਅਤੇ ਦੂਰਵਰਤੀ ਸਿੱਖਿਆ :**

ਕੌਮੀ ਨੀਤੀ ਅਨੁਸਾਰ ਦੇਸ਼ ਭਰ ਵਿੱਚ ਦੂਰਵਰਤੀ ਸਿੱਖਿਆ ਪ੍ਰਣਾਲੀ ਦਾ ਵਿਕਾਸ, ਤਾਲਮੇਲ ਅਤੇ ਮਿਆਰਾਂ ਨੂੰ ਕਾਇਮ ਰੱਖਣ ਲਈ 1985 ਵਿੱਚ ਓਪਨ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ।

**(9) ਨੌਕਰੀਆਂ ਤੋਂ ਡਿਗਰੀਆਂ ਨੂੰ ਅਲੱਗ ਕਰਨਾ :**

ਕੌਮੀ ਨੀਤੀ ਦੀ ਸ਼ਿਫਾਰਸ ਅਨੁਸਾਰ ਕਈ ਚੋਣਵੇਂ ਖੇਤਰਾਂ ਵਿੱਚ ਨੌਕਰੀਆਂ ਤੋਂ ਡਿਗਰੀਆਂ ਅਲੱਗ ਕੀਤੇ ਜਾਣ ਦਾ ਪ੍ਰਸਤਾਵ ਰੱਖਿਆ ਗਿਆ। ਇਹ ਪ੍ਰਸਤਾਵ ਕੁਝ ਖਾਸ ਖੇਤਰਾਂ ਜਿਵੇਂ ਕਿ ਦਵਾਈਆਂ, ਸਿੱਖਿਆ, ਇੰਜਨੀਅਰਿੰਗ, ਕਾਨੂੰਨ ਆਦਿ ਲਈ ਲਾਗੂ ਨਹੀਂ ਹੁੰਦਾ ਪ੍ਰੰਤੂ ਮਨੁੱਖੀ ਖੇਤਰ, ਸਮਾਜਿਕ ਵਿਗਿਆਨ ਅਤੇ ਵਿਗਿਆਨ ਵਿੱਚ ਅਕਾਦਮਿਕ ਯੋਗਤਾ ਵਾਲੇ ਮਾਹਿਰ ਇਸ ਪ੍ਰਸਤਾਵ ਵਿੱਚ ਆਉਂਦੇ ਹਨ।

**(10) ਪੇਂਡੂ ਯੂਨੀਵਰਸਿਟੀਆਂ ਅਤੇ ਸੰਸਥਾਵਾਂ :**

ਆਜ਼ਾਦੀ ਤੋਂ ਬਾਅਦ ਪੇਂਡੂ ਉੱਚ ਸਿੱਖਿਆ ਉਪਰ ਜ਼ਿਆਦਾ ਕੰਮ ਨਹੀਂ ਕੀਤਾ ਗਿਆ ਸੀ। ਇਸ ਕੌਮੀ ਨੀਤੀ ਅਧੀਨ ਦੂਸਰੀ ਪੰਜ ਸਾਲਾ ਯੋਜਨਾ ਦੌਰਾਨ ਵੱਖ-ਵੱਖ ਏਜੰਸੀਆਂ ਦੀ ਸਰਪਰਸਤੀ ਹੇਠ ਬਹੁਤ ਸਾਰੀਆਂ ਗ੍ਰਾਮ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ। ਇਸ ਦੌਰਾਨ ਗਾਂਧੀਵਾਦੀ ਬੁਨਿਆਦੀ ਸਿੱਖਿਆ ਅਤੇ ਪੇਂਡੂ ਸੰਸਥਾਵਾਂ ਨੂੰ ਕਾਫ਼ੀ ਉਤਸ਼ਾਹ ਪ੍ਰਾਪਤ ਹੋਇਆ।

**(11) ਤਕਨੀਕੀ ਸਿੱਖਿਆ :**

ਤਕਨੀਕੀ ਅਤੇ ਪ੍ਰਬੰਧਨ ਸਿੱਖਿਆ ਮਨੁੱਖੀ ਸਰੋਤ ਵਿਕਾਸ ਦੇ ਸਪੈਕਟਰਮ ਦਾ ਬਹੁਤ ਹੀ ਮਹੱਤਵਪੂਰਨ ਭਾਗ ਹੈ। ਕੌਮੀ ਨੀਤੀ ਅਧੀਨ ਡਿਗਰੀ ਅਤੇ ਡਿਪਲੋਮਾ ਪੱਧਰ ਤੇ ਤਕਨੀਕੀ ਸਿੱਖਿਆ ਦਾ ਵਿਸਥਾਰ, ਪ੍ਰੋਗਰਾਮਾਂ ਦੇ ਖੇਤਰਾਂ ਦਾ ਵਾਧਾ ਅਤੇ ਵਿਕਾਸ ਅਤੇ ਵਧੇਰੇ ਦਾਖਲੇ ਨੂੰ ਯਕੀਨੀ ਬਣਾਇਆ ਗਿਆ। ਸਦੀ ਦੇ ਮੁਤਾਬਿਕ ਸਮਾਜਿਕ, ਆਰਥਿਕ, ਉਦਯੋਗਿਕ ਅਤੇ ਤਕਨਾਲੋਜੀ ਖੇਤਰ ਦੀ ਲੋੜਾਂ ਨੂੰ ਮੁੱਖ ਰੱਖਦੇ ਹੋਏ ਲੋੜੀਂਦੇ ਬਦਲਾਅ ਕੀਤੇ ਗਏ ਅਤੇ ਸਿਸਟਮ ਦੁਆਰਾ ਇਸ ਸਿੱਖਿਆ ਨੂੰ ਨਿਰਪੱਖਤਾ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਇਆ ਗਿਆ।

**(12) ਵਿਗਿਆਨਕ ਸਿੱਖਿਆ :**

ਵਿਗਿਆਨਕ ਸਿੱਖਿਆ ਪ੍ਰੋਗਰਾਮਾਂ ਨੂੰ ਵੱਖ-ਵੱਖ ਪੱਧਰ ਤੇ ਇਸ ਤਰ੍ਹਾਂ ਤਿਆਰ ਕੀਤਾ ਗਿਆ ਕਿ ਵਿਗਿਆਨ ਸਿੱਖਿਆ ਵਿਦਿਆਰਥੀ ਦੇ ਪ੍ਰਭਾਸ਼ਿਤ ਮੁੱਲਾਂ ਜਿਵੇਂ ਕਿ ਪੜਤਾਲ ਦੀ ਭਾਵਨਾ, ਸਿਰਜਣਾਤਮਕਤਾ, ਨਿਰਪੱਖਤਾ, ਸੰਵੇਦਨਸ਼ੀਲਤਾ ਅਤੇ ਸਹੁਜਾਤਮਕ ਸੁਚੇਤਤਾ ਨੂੰ ਵਿਕਸਿਤ ਕੀਤਾ ਜਾ ਸਕੇ। ਵਿਗਿਆਨਕ ਸਿੱਖਿਆ ਨੂੰ ਇਸ ਤਰ੍ਹਾਂ ਮਜ਼ਬੂਤ ਕਰਨ ਲਈ ਯਤਨ ਕੀਤੇ ਗਏ ਕਿ ਵਿਦਿਆਰਥੀ ਸਿੱਖਿਆ ਲਈ ਸਮੱਸਿਆ ਹੱਲ ਲੱਭਣ, ਫੈਸਲਾ ਕਰਨ ਦਾ ਹੁਨਰ ਦਾ ਵਿਕਾਸ ਕਰਨ ਅਤੇ ਸਿਹਤ, ਖੇਤੀਬਾੜੀ, ਉਦਯੋਗ ਅਤੇ ਰੋਜ਼ਾਨਾ ਜੀਵਨ ਦੇ ਵਿਗਿਆਨਕ ਪਹਿਲੂਆਂ ਬਾਰੇ ਚੇਤੰਨ ਹੋ ਸਕਣ।

## 2.5 ਐੱਨ.ਪੀ.ਈ. 1986 ਅਤੇ ਮੁਲਾਂਕਣ

ਸਿੱਖਿਆ ਦੇ ਮੁਲਾਂਕਣ ਵਿੱਚ ਸੁਧਾਰ ਲੰਬੇ ਸਮੇਂ ਤੋਂ ਹੀ ਗੰਭੀਰ ਚਰਚਾ ਦਾ ਵਿਸ਼ਾ ਰਿਹਾ ਹੈ। NCERT ਦੀ ਪਹਿਲ ਸਦਕਾ ਮੁਲਾਂਕਣ ਪ੍ਰਕਿਰਿਆ ਵਿੱਚ ਕਈ ਬਦਲਾਅ ਕੀਤੇ ਗਏ ਹਨ ਅਤੇ ਇਹਨਾਂ ਬਦਲਾਵਾਂ ਦਾ ਸਿੱਧਾ ਅਸਰ ਸਿੱਖਿਆ ਪ੍ਰਣਾਲੀ ਦੇ ਨਤੀਜਿਆਂ ਉੱਪਰ ਦਿੱਖਦਾ ਹੈ। ਅਧੁਨਿਕ ਵਿਦਿਅਕ ਰਣਨੀਤੀ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਸਿੱਖਣ ਪ੍ਰਕਿਰਿਆ ਦਾ ਅਸਿੱਖੜਵਾਂ ਅੰਗ ਹੈ। ਇਸ ਵਿੱਚ ਗੁਣਾਤਮਕ ਸੁਧਾਰ ਲਿਆਉਣਾ ਬਹੁਤ ਹੀ ਜ਼ਰੂਰੀ ਹੈ। ਇਸ ਦਾ ਮੁੱਖ ਉਦੇਸ਼ ਪ੍ਰੀਖਿਆ ਪ੍ਰਣਾਲੀ ਨੂੰ ਮੁੜ

ਤਿਆਰ ਕਰਕੇ, ਵਿਦਿਆਰਥੀ ਦੇ ਵਿਕਾਸ ਦਾ ਇਕ ਸਹੀ ਅਤੇ ਭਰੋਸੇਮੰਦ ਮਾਪ ਤਿਆਰ ਕਰਨਾ ਸੀ। ਨਵੇਂ ਮੁਲਾਂਕਣ ਸਿਸਟਮ ਦੇ ਮੁੱਖ ਤੱਤ ਹੇਠ ਲਿਖੇ ਅਨੁਸਾਰ ਸਨ।

(ੳ) ਮੌਕਾ ਪ੍ਰਸਤੀ ਅਤੇ ਵਿਅਕਤੀਗਤ ਰਾਏ ਨੂੰ ਖ਼ਤਮ ਕਰਨਾ।

(ਅ) ਰੱਟਾ ਵਿਧੀ ਦਾ ਖਾਤਮਾ

(ੲ) ਨਿਰੰਤਰ ਅਤੇ ਵਿਆਪਕ ਮੁਲਾਂਕਣ

(ਸ) ਅਧਿਆਪਕ, ਮਾਪੇ ਅਤੇ ਵਿਦਿਆਰਥੀਆਂ ਦੁਆਰਾ ਮੁਲਾਂਕਣ ਦੀ ਯੋਗ ਵਰਤੋਂ

(ਹ) ਪ੍ਰੀਖਿਆ ਪ੍ਰਕਿਰਿਆ ਦੇ ਸੁਧਾਰ

(ਕ) ਪੜਾਉਣ ਦੇ ਤਰੀਕਿਆਂ ਵਿੱਚ ਨਵੀਨਤਾ।

(ਖ) ਸੈਕੰਡਰੀ ਪੜਾਅ ਵਿੱਚ ਸਮੈਸਟਰ ਪ੍ਰਣਾਲੀ ਦੀ ਸ਼ੁਰੂਆਤ।

(ਗ) ਨੰਬਰਾਂ ਦੀ ਥਾਂ ਤੇ ਗਰੇਡਾਂ ਦੀ ਵਰਤੋਂ।

ਉਪਰੋਕਤ ਸਾਰੇ ਤੱਤ ਵਿਦਿਅਕ ਸੰਸਥਾਵਾਂ ਵਿੱਚ ਹੋਣ ਵਾਲੀਆਂ ਅੰਦਰੂਨੀ ਅਤੇ ਬਾਹਰੀ ਦੋਵੇਂ ਪ੍ਰੀਖਿਆਵਾਂ ਦੇ ਸੁਧਾਰ ਨਾਲ ਸੰਬੰਧਤ ਸਨ। ਇਸ ਅਧੀਨ ਬਾਹਰੀ ਪ੍ਰੀਖਿਆਵਾਂ ਦੀ ਪ੍ਰਮੁੱਖਤਾ ਨੂੰ ਥੋੜਾ ਘੱਟ ਕਰਕੇ, ਸੰਸਥਾਗਤ ਪ੍ਰੀਖਿਆਵਾਂ ਨੂੰ ਬਣਦੀ ਤਰਜੀਹ ਦੇ ਕੇ ਸਿੱਖਿਆ ਦੇ ਮੁਲਾਂਕਣ ਉਦੇਸ਼ਾਂ ਨੂੰ ਕ੍ਰਮਬੱਧ ਅਤੇ ਵਿਆਪਕ ਬਣਾਇਆ ਗਿਆ।

## 2.6 ਅਭਿਆਸ

ਪ੍ਰ.1. ਰਾਸ਼ਟਰੀ ਸਿੱਖਿਆ ਨੀਤੀ 1986 ਦੇ ਉਦੇਸ਼ਾਂ ਬਾਰੇ ਲਿਖੋ।

ਪ੍ਰ.2. ਰਾਸ਼ਟਰੀ ਸਿੱਖਿਆ ਨੀਤੀ 1986 ਦੀ ਪੈਡਾਗੋਜ਼ੀ ਬਾਰੇ ਲਿਖੋ।

ਪ੍ਰ.3. ਰਾਸ਼ਟਰੀ ਸਿੱਖਿਆ ਨੀਤੀ 1986 ਦੇ ਮੁਲਾਂਕਣ ਬਾਰੇ ਦੱਸੋ।

ਪ੍ਰ.4. ਰਾਸ਼ਟਰੀ ਸਿੱਖਿਆ ਨੀਤੀ 1986 ਦਾ ਹਵਾਲਾ ਦਿੰਦੇ ਹੋਏ ਉਦੇਸ਼ਾਂ, ਪੈਡਾਗੋਜੀ ਅਤੇ ਮੁਲਾਂਕਣ ਵਿਧੀ ਬਾਰੇ ਮੁੱਖ ਤੱਤ ਲਿਖੋ।

# ਰਾਸ਼ਟਰੀ ਪਾਠਕ੍ਰਮ ਢਾਂਚਾ–2005

## 2.7 ਐੱਨ.ਸੀ.ਐੱਫ. 2005 ਅਤੇ ਉਦੇਸ਼ :

ਰਾਸ਼ਟਰੀ ਪਾਠਕ੍ਰਮ ਢਾਂਚੇ ਵਿੱਚ ਸਿਲੇਬਸ, ਕਿਤਾਬਾਂ ਅਤੇ ਸਿੱਖਿਆ ਦੀਆਂ ਨੀਤੀਆਂ ਬਾਰੇ ਨਵੇਂ ਵਿਚਾਰ ਸਾਹਮਣੇ ਪੇਸ਼ ਕੀਤੇ ਗਏ। ਇਸ ਪਾਠਕ੍ਰਮ ਢਾਂਚੇ ਵਿੱਚ ਉਦੇਸ਼ਾਂ ਨੂੰ ਪੁਰਾਣੇ ਤਜ਼ਰਬਿਆਂ ਨੂੰ ਮੁੱਖ ਰੱਖਦੇ ਹੋਏ ਬਣਾਇਆ ਗਿਆ। ਐੱਨ.ਸੀ.ਐੱਫ. 2005 ਦੇ ਹੇਠ ਲਿਖੇ ਉਦੇਸ਼ ਹਨ :

(ੳ) ਰੱਟਾ ਵਿਧੀ ਤੋਂ ਸਿੱਖਿਆ ਨੂੰ ਸੀਮਿਤ ਕਰਨਾ।

(ਅ) ਗਿਆਨ ਨੂੰ ਰੋਜ਼ਾਨਾ ਜ਼ਿੰਦਗੀ ਨਾਲ ਜੋੜਣਾ।

(ੲ) ਇਮਤਿਹਾਨ ਨੂੰ ਕਲਾਸ ਵਿੱਚ ਸਿੱਖਣ ਨਾਲ ਜੋੜਕੇ ਇਸ ਨੂੰ ਲਚਕਦਾਰ ਬਣਾਉਣਾ।

(ਸ) ਪਾਠਕ੍ਰਮ ਦੀ ਸਮੱਰਥਾ ਨੂੰ ਵਧਾਉਣਾ ਤਾਂ ਜੋ ਇਹ ਕਿਤਾਬੀ ਗਿਆਨ ਤੋਂ ਉੱਪਰ ਜਾ ਸਕੇ।

(ਹ) ਦੇਸ਼ ਦੀਆਂ ਜ਼ਮਹੂਰੀ ਰਾਜਨੀਤਿਕ ਚਿੰਤਾਵਾਂ ਦਾ ਧਿਆਨ ਰੱਖਦੇ ਹੋਏ ਲੋਕਤੰਤਰ ਦੀ ਸਮਝ ਪੈਦਾ ਕਰਨਾ।

(ਕ) ਦੇਸ਼ ਦੀਆਂ ਜਮਹੂਰੀ ਰਾਜਨੀਤਿਕ ਚਿੰਤਾਵਾਂ ਦਾ ਧਿਆਨ ਰੱਖਦੇ ਹੋਏ ਲੋਕਤੰਤਰ ਦੀ ਸਮਝ ਪੈਦਾ ਕਰਨਾ।

(ਖ) ਬੋਝ ਰਹਿਤ ਸਿੱਖਿਆ ਦਾ ਇੱਕ ਅਨੰਦਪੂਰਣ ਅਨੁਭਵ ਦਾ ਅਹਿਸਾਸ ਪੈਦਾ ਕਰਨਾ ਅਤੇ ਬੱਚਿਆਂ ਨੂੰ

ਤਣਾਅ ਤੋਂ ਦੂਰ ਰੱਖਣ ਲਈ ਤਬਦੀਲੀਆਂ ਕਰਨਾ।

(ਗ) ਸਮਾਜਿਕ ਰਿਸ਼ਤਿਆਂ ਦਾ ਅਧਾਰ ਬਣਾਉਣ ਦੇ ਨਾਲ ਸਮਾਜ ਵਿੱਚ ਅਹਿੰਸਾ ਅਤੇ ਏਕਤਾ ਦੀ ਭਾਵਨਾ ਵਿਕਸਤ ਕਰਕੇ ਵਿਅਕਤੀ ਦੀ ਸਵੈ ਨਿਰਭਰਤਾ ਅਤੇ ਸਨਮਾਨ ਨੂੰ ਵਿਕਸਤ ਕਰਨਾ।

(ਘ) ਵਿਦਿਆਰਥੀ ਕੇਂਦਰਤ ਪਹੁੰਚ ਨੂੰ ਵਿਕਸਿਤ ਕਰਨਾ ਅਤੇ 14 ਸਾਲ ਦੀ ਉਮਰ ਤੱਕ ਵਿਅਪਕ ਭਰਤੀ ਨੂੰ ਪ੍ਰਫੁੱਲਤ ਕਰਨਾ।

(ਙ) ਵਿਦਿਆਰਥੀਆਂ ਵਿੱਚ ਏਕਤਾ, ਜ਼ਮੂਰੀਅਤ ਅਤੇ ਭਾਈਚਾਰੇ ਦੀ ਭਾਵਨਾਂ ਵਿਕਸਿਤ ਕਰਨ ਲਈ ਪਾਠਕ੍ਰਮ ਨੂੰ ਇੱਕ ਕੌਮੀ ਪਹਿਚਾਣ ਦੇਣਾ।

(ਚ) ਸਿੱਖਿਆ ਵਿੱਚ ਸਮਾਨਤਾ, ਗਿਣਤੀ ਅਤੇ ਗੁਣਵੱਤਾ।

(ਛ) ਜਾਤ, ਧਰਮ ਅਤੇ ਲਿੰਗ ਨੂੰ ਪਿੱਛੇ ਛੱਡ ਕੇ ਹਰੇਕ ਵਿਅਕਤੀ ਨੂੰ ਮਿਆਰੀ ਪਾਠਕ੍ਰਮ ਮੁਹੱਈਆ ਕਰਵਾਉਣਾ।

ਰਾਸ਼ਟਰੀ ਪਾਠਕ੍ਰਮ ਢਾਂਚੇ ਦੇ ਉਦੇਸ਼ਾਂ ਅਨੁਸਾਰ ਸਿੱਖਿਆ ਰਾਹੀਂ ਵਿਦਿਆਰਥੀਆਂ ਦੇ ਸਿਰਜਣਾਤਮਕ ਪ੍ਰਗਟਾਵੇ ਨੂੰ ਵਧਾਉਣ ਲਈ ਵਿਗਿਆਨਕ ਨਜ਼ਰੀਏ ਨਾਲ ਬੱਚਿਆਂ ਨੂੰ ਸਰਬਪੱਖੀ ਵਿਕਾਸ ਦੇ ਸਾਧਨ ਅਤੇ ਮੌਕੇ ਮੁਹੱਈਆ ਕਰਵਾਉਣ ਦੇ ਯਤਨ ਕੀਤੇ ਗਏ। ਇਹਨਾਂ ਉਦੇਸ਼ਾਂ ਅਨੁਸਾਰ ਸਿੱਖਿਆ ਵਿਦਿਆਰਥੀ ਕੇਂਦਰਿਤ ਅਤੇ ਇੱਕ ਅਨੰਦਮਈ ਅਨੁਭਵ ਹੋਣਾ ਚਾਹੀਦਾ ਹੈ ਜਿੱਥੇ ਵਿਦਿਆਰਥੀ ਇਹ ਮਹਿਸੂਸ ਕਰਨ ਕਿ ਉਹਨਾਂ ਦੀਆਂ ਅਵਾਜ਼ਾਂ ਨੂੰ ਸੁਣਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਕਦਰ ਕੀਤੀ ਜਾ ਰਹੀ ਹੈ। ਸਕੂਲ ਸਿੱਖਿਆ ਦੇ ਢਾਂਚੇ ਨੂੰ ਇਸ ਤਰ੍ਹਾਂ ਡਿਜਾਇਨ ਕੀਤਾ ਜਾਣਾ ਚਾਹੀਦਾ ਹੈ ਕਿ ਵਿਦਿਆਰਥੀ ਆਪਣੇ ਆਪ ਨੂੰ ਸੁਰੱਖਿਅਤ ਅਤੇ ਮੁੱਲਵਾਨ ਮਹਿਸੂਸ ਕਰਨ। ਸਕੂਲ ਸਿੱਖਿਆ ਨੂੰ ਵਿਦਿਆਰਥੀ ਅਨੁਕੂਲ ਬਣਾਉਣ ਦੇ ਯਤਨ ਕੀਤੇ ਗਏ। ਪਾਠਕ੍ਰਮ ਤਸੱਲੀਬਖਸ਼, ਵਿਦਿਆਰਥੀਆਂ ਦੀਆਂ ਸਰੀਰਕ ਅਤੇ ਮਾਨਸਿਕ ਯੋਗਤਾਵਾਂ ਨੂੰ ਮੁੱਖ ਰੱਖਦੇ ਹੋਏ। ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਲਈ ਡਿਜ਼ਾਇਨ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਰਾਸ਼ਟਰੀ ਪਾਠਕ੍ਰਮ ਢਾਂਚੇ ਵਿੱਚ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਨੂੰ ਮੁੱਖ ਰੱਖਦੇ ਹੋਏ ਲੋੜੀਂਦੀ ਖੁਰਾਕ, ਸਰੀਰਕ ਕਸਰਤ, ਖੇਡਾਂ ਅਤੇ ਹੋਰ ਮਨੋ ਭਾਂਤ ਸਮਾਜਿਕ ਲੋੜਾਂ ਦੀ ਪੂਰਤੀ ਨੂੰ ਖਾਸ ਸਥਾਨ ਦਿੱਤਾ ਗਿਆ। ਇਸ ਤੋਂ ਇਲਾਵਾ ਖੇਡਾਂ, ਯੋਗ ਅਤੇ ਨਵੇਂ ਤਜ਼ਰਬਿਆਂ ਨਾਲ ਸਿਖਲਾਈ ਨੂੰ ਅਨੰਦਦਾਇਕ ਅਤੇ ਵਧੇਰੇ ਲਾਹੇਵੰਦ ਬਣਾਉਣ ਦੇ ਯਤਨ ਕੀਤੇ ਗਏ। ਕਿਸ਼ੋਰ ਉਮਰ ਦੇ ਵਿਦਿਆਰਥੀਆਂ ਲਈ ਅਜਿਹਾ ਪਾਠਕ੍ਰਮ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਰਾਹੀਂ ਉਹ ਸਮਾਜਿਕ ਅਤੇ ਭਾਵਨਾਤਮਕ ਤੌਰ ਤੇ ਉਤਸ਼ਾਹਿਤ ਹੋਣ ਅਤੇ ਸਕਾਰਾਤਮਕ ਵਿਵਹਾਰ ਗ੍ਰਹਿਣ ਕਰ ਸਕਣ। ਰਾਸ਼ਟਰੀ ਪਾਠਕ੍ਰਮ ਢਾਂਚੇ ਵਿੱਚ ਅਜਿਹਾ ਪਾਠਕ੍ਰਮ ਤਿਆਰ ਕਰਨ ਦੇ ਯਤਨ ਕੀਤੇ ਗਏ ਜਿਸ ਵਿੱਚ ਵਿਦਿਆਰਥੀ ਆਪਣੇ ਜੀਵਨ ਵਿੱਚ ਸਮਾਜਿਕ ਦਬਾਅ, ਅਪਾਹਿਜ ਹੋਣ ਦੀ ਹਾਲਤ ਅਤੇ ਹੋਰ ਸਮਾਜਿਕ ਅਤੇ ਮਾਨਸਿਕ ਸਮੱਸਿਆਵਾਂ ਨਾਲ ਸਮਝਦਾਰੀ ਨਾਲ ਸੁਲਝ ਸਕੇ।

## 2.8 ਰਾਸ਼ਟਰੀ ਪਾਠਕ੍ਰਮ ਢਾਂਚਾ ਅਤੇ ਪੈਡਾਗੋਜੀ :

ਕੌਮੀ ਪਾਠਕ੍ਰਮ ਢਾਂਚੇ ਅਨੁਸਾਰ ਸਿੱਖਿਆ ਦੇ ਮੁੱਢਲੇ ਪੜਾਅ ਵਿੱਚ ਬੱਚਿਆਂ ਦਾ ਪਾਠਕ੍ਰਮ ਅਜਿਹਾ ਹੋਵੇ ਜਿਸ ਦੌਰਾਨ ਉਹ ਆਪਣੇ ਆਲੇ ਦੁਆਲੇ ਨੂੰ ਸਮਝਣ ਅਤੇ ਉਸ ਵਿੱਚ ਆਪਣੇ ਆਪ ਨੂੰ ਫਿੱਟ ਕਰ ਸਕਣ। ਇਸ ਪੜਾਅ ਵਿੱਚ ਪਾਠਕ੍ਰਮ ਦੇ ਮੁੱਖ ਉਦੇਸ਼ ਕੁਦਰਤੀ ਅਤੇ ਭੌਤਿਕ ਵਾਤਾਵਰਨ ਪ੍ਰਤੀ ਬੱਚੇ ਦੀ ਉਤਸੁਕਤਾ ਦਾ ਪੋਸ਼ਣ ਕਰਨਾ ਹੈ।

ਪ੍ਰਾਇਮਰੀ ਪੱਧਰ ਦਾ ਪਾਠਕ੍ਰਮ ਸਿਫਾਰਸ਼ ਕਰਦਾ ਹੈ ਕਿ ਬੱਚਿਆਂ ਨੂੰ ਤਜਰਬੇ, ਹੱਥਾਂ ਦੁਆਰਾ ਕੰਮ

ਕਰਨ, ਗਰੁੱਪ ਗਤੀਵਿਧੀਆਂ, ਸਾਥੀ ਵਿਚਾਰ-ਵਟਾਂਦਰਾ ਅਤੇ ਪ੍ਰਦਰਸ਼ਨੀਆਂ ਰਾਹੀਂ ਆਪਣੇ ਵਿਚਾਰ ਪ੍ਰਦਰਸ਼ਿਤ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਸੈਕੰਡਰੀ ਪੱਧਰ ਅਤੇ ਸਕੂਲ ਸਿੱਖਿਆ ਦੇ ਉੱਚ ਪੱਧਰ ਦੇ ਪ੍ਰੋਗਰਾਮ ਅਨੁਸਾਰ ਪ੍ਰਯੋਗਾਂ, ਤਕਨਾਲੋਜੀ, ਵਿਦਿਆਰਥੀਆਂ ਦਾ ਵਿਗਿਆਨਕ ਰਵੱਈਆ ਅਤੇ ਸੋਚ ਪੈਡਾਗੋਜੀ ਦਾ ਹਿੱਸਾ ਹੋਣਾ ਚਾਹੀਦਾ ਹੈ। ਇਸ ਪੱਧਰ ਤੇ ਪੜ੍ਹਾਈ ਜਾਣ ਵਾਲੀ ਸਮੱਗਰੀ ਵਿੱਚ ਵਿਗਿਆਨ, ਸਮਾਜਿਕ ਵਿਗਿਆਨ ਅਤੇ ਕੰਪਿਊਟਰ ਵਿਸ਼ੇ ਸ਼ਾਮਿਲ ਹੋਣੇ ਚਾਹੀਦੇ ਹਨ। ਪਾਠਕ੍ਰਮ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਮੌਜੂਦਾ ਮੁੱਦਿਆ ਬਾਰੇ ਜਾਣਕਾਰੀ, ਖੋਜਾਂ ਅਤੇ ਜਾਗਰੂਕਤਾ ਹੋਣੀ ਚਾਹੀਦੀ ਹੈ। ਇਸ ਪੱਧਰ ਉਪਰ ਵਿਦਿਆਰਥੀਆਂ ਦੀ ਕਿੱਤਾਮਈ ਸਿੱਖਆ ਨੂੰ ਪਹਿਲ ਦੇਣੀ ਚਾਹੀਦੀ ਹੈ ਤਾਂ ਜੋ ਇਹ ਸਿੱਖਿਆ ਵਿਦਿਆਰਥੀਆਂ ਦੀਆਂ ਕਿੱਤਾਮਈ ਲੋੜਾਂ, ਕਿੱਤੇ ਦੀ ਚੋਣ ਅਤੇ ਲੋੜੀਂਦੇ ਕੌਂਸਲਾਂ ਦੇ ਵਿਕਾਸ ਵਿੱਚ ਮੱਦਦਗਾਰ ਸਾਬਿਤ ਹੋਵੇਗੀ।

**ਭਾਸ਼ਾ :-** ਇਸ ਤੋਂ ਇਲਾਵਾ ਕੌਮੀ ਪਾਠਕ੍ਰਮ ਵਿੱਚ ਤਿੰਨ-ਭਾਸ਼ਾਈ ਫਾਰਮੂਲਾ ਵਰਤਿਆ ਜਾਣਾ ਚਾਹੀਦਾ ਹੈ। ਸੰਚਾਰ ਦਾ ਮਾਧਿਅਮ ਪਹਿਲੀ ਭਾਸ਼ਾ ਹੋਣੀ ਚਾਹੀਦੀ ਹੈ। ਸਿੱਖਿਆ ਅਤੇ ਅਧਿਐਨ ਕਰਨ ਲਈ ਮਾਤ ਭਾਸ਼ਾ ਜਾਂ ਖੇਤਰੀ ਭਾਸ਼ਾ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਅਤੇ ਹਿੰਦੀ ਬੋਲਣ ਵਾਲੇ ਖੇਤਰਾਂ ਵਿੱਚ ਹਿੰਦੀ ਪਹਿਲੀ ਭਾਸ਼ਾ ਅਤੇ ਗੈਰ ਹਿੰਦੀ ਬੋਲਣ ਵਾਲੇ ਖੇਤਰਾ ਵਿੱਚ ਹਿੰਦੀ ਦੂਜੀ ਭਾਸ਼ਾ ਹੋਵੇਗੀ। ਹਿੰਦੀ ਬੋਲਣ ਵਾਲੇ ਖੇਤਰਾਂ ਵਿੱਚ ਅੰਗਰੇਜ਼ੀ ਜਾਂ ਕੋਈ ਹੋਰ ਭਾਸ਼ਾ ਦੂਸਰੀ ਭਾਸ਼ਾ ਅਤੇ ਗੈਰ-ਹਿੰਦੀ ਬੋਲਣ ਵਾਲੇ ਖੇਤਰਾਂ ਵਿੱਚ ਅੰਗਰੇਜ਼ੀ ਭਾਸ਼ਾ ਤੀਸਰੀ ਭਾਸ਼ਾ ਮੰਨੀ ਜਾਵੇਗੀ।

**ਗਣਿਤ :-** ਕੌਮੀ ਪਾਠਕ੍ਰਮ ਵਿੱਚ ਗਣਿਤ ਸਿੱਖਿਆ ਤੇ ਜ਼ੋਰ ਦਿੱਤਾ ਗਿਆ ਤਾਂ ਕੇ ਵਿਦਿਆਰਥੀ ਗਣਿਤ ਸਮਝ ਸਕਣ ਅਤੇ ਰੋਜ਼ਾਨਾ ਜ਼ਿੰਦਗੀ ਵਿੱਚ ਇਸ ਦੀ ਵਰਤੋਂ ਕਰ ਸਕਣ। ਪੈਡਾਗੋਜੀ ਅਤੇ ਸਿੱਖਣ ਵਾਤਾਵਰਨ ਵਿੱਚ ਗਣਿਤ ਨੂੰ ਇਸ ਤਰ੍ਹਾਂ ਸ਼ਾਮਲ ਕੀਤਾ ਗਿਆ ਹੈ ਕਿ ਵਿਦਿਆਰਥੀ ਗਣਿਤ ਦੇ ਸਾਰੇ ਮੂਲ ਕੌਂਸ਼ਲ ਗ੍ਰਹਿਣ ਕਰ ਸਕਣ। ਇਸ ਵਿੱਚ ਗਣਿਤ ਦੇ ਮਾਡਲ, ਸਮੱਸਿਆ ਹੱਲ ਵਿਧੀ, ਅਤੇ ਗਤੀਸ਼ੀਲ ਸਿੱਖਣ ਨੂੰ ਜੋੜਿਆ ਗਿਆ ਹੈ।

**ਕੰਪਿਊਟਰ :-** ਸਕੂਲਾਂ ਵਿੱਚ ਕੰਪਿਊਟਰ ਸਿੱਖਿਆਂ ਨੂੰ ਲਾਜ਼ਮੀ ਬਣਾਇਆ ਗਿਆ ਤਾਂ ਜੋ ਵਿਦਿਆਰਥੀਆਂ ਵਿੱਚ ਵਿਸਤ੍ਰਿਤ ਤਰਕ ਅਤੇ ਹੋਰ ਉਚ ਕ੍ਰਮ ਦੇ ਹੁਨਰਾਂ ਦਾ ਵਿਕਾਸ ਹੋ ਸਕੇ। ਵਿਦਿਆਰਥੀਆਂ ਨੂੰ ਗਿਆਨ ਸਰੋਤਾਂ ਤੱਕ ਪਹੁੰਚ ਕਰਨ, ਉਹਨਾਂ ਨੂੰ ਸਮਝਣ ਤੇ ਵਿਆਖਿਆ ਕਰਨ ਵਿੱਚ ਕੰਪਿਊਟਰ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ।

**ਵਿਗਿਆਨ :-** ਵਿਗਿਆਨ ਅਧਿਆਪਣ ਦਾ ਡਿਜ਼ਾਇਨ ਵਿਗਿਆਨ ਸਿੱਖਣ ਦੇ ਉਦੇਸ਼ਾਂ, ਧਾਰਨਾਵਾਂ ਅਤੇ ਤੱਤਾਂ ਨੂੰ ਮੁੱਖ ਰੱਖ ਕੇ ਬਣਾਇਆ ਗਿਆ। ਇਸ ਤੋਂ ਇਲਾਵਾ ਗਿਆਨ ਵਿਕਾਸ ਦੇ ਪੜਾਆਵਾਂ ਵਿੱਚ ਇਕਸਾਰਤਾ, ਅਤੇ ਕੁਸ਼ਲਤਾ ਹਾਸਲ ਕਰਨ ਤੇ ਤਰੀਕਿਆਂ ਤੇ ਪ੍ਰੀਕਿਰਿਆਵਾਂ ਦੀ ਵਿਉਂਤਬੰਦੀ ਨੂੰ ਤਰਜੀਹ ਦਿੱਤੀ ਗਈ। ਇੱਕ ਪ੍ਰਭਾਵਸ਼ਾਲੀ ਵਿਕਾਸ ਕਰਨ ਲਈ ਵਿਦਿਆਰਥੀਆਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਸਿਰਜਨ ਵਾਲਾ ਪਾਠਕ੍ਰਮ ਬਣਾਇਆ ਗਿਆ। ਵਿਗਿਆਨ ਪਾਠਕ੍ਰਮ ਲੋਕਲ ਅਤੇ ਗਲੋਬਲ ਸਮਾਜ ਅਤੇ ਤਕਨਾਲੋਜੀ ਦੇ ਮੁੱਦਿਆ ਉੱਤੇ ਅਧਾਰਿਤ ਹੋਵੇ। ਰਾਸ਼ਟਰੀ ਪਾਠ ਕ੍ਰਮ ਅਨੁਸਾਰ ਵਿਗਿਆਨਕ ਪਾਠਕ੍ਰਮ ਅੱਜ ਦੀ ਦੁਨੀਆਂ ਵਿੱਚ ਲੋੜੀਂਦੇ ਸਿਧਾਂਤਕ ਅਤੇ ਤਕਨੀਕੀ ਗਿਆਨ, ਕੁਦਰਤੀ ਉਤਸ਼ਾਹ, ਸੁੰਦਰਤਾ ਅਤੇ ਰਚਨਾਤਮਕਤਾ ਦਾ ਪਾਲਣ ਪੋਸ਼ਣ ਕਰਨਾ, ਈਮਾਨਦਾਰੀ ਸਹਿਯੋਗ, ਵਾਤਾਵਰਣ ਦੀ ਸੁਰੱਖਿਆ, ਵਿਗਿਆਨਕ ਸੰਜਮ ਪੈਦਾ ਕਰਨਾ, ਚਿੰਤਾ ਨਿਰਪੱਖਤਾ, ਗੰਭੀਰ ਸੋਚ ਅਤੇ ਪੱਖਪਾਤ ਤੋਂ ਰਹਿਤ ਸਿੱਖਿਆ ਵਿਦਿਆਰਥੀ ਜੀਵਨ ਵਿੱਚ ਅਹਿਮ ਹੈ।

**ਸਮਾਜਿਕ ਸਿੱਖਿਆ :** ਸਮਾਜਿਕ ਸਿੱਖਿਆ ਕੌਮੀ ਪਾਠਕ੍ਰਮ ਰਾਹੀਂ ਸ਼ਾਮਿਲ ਕੀਤਾ ਗਿਆ ਇੱਕ ਅਜਿਹਾ

ਵਿਸ਼ਾ ਹੈ ਜੋ ਵਿਦਿਆਰਥੀਆਂ ਨੂੰ ਉੱਚਿਤ ਯੂਨੀਵਰਸਿਟੀ ਕੋਰਸ ਅਤੇ ਕਰੀਅਰ ਦੀ ਚੋਣ ਕਰਨ ਵਿੱਚ ਸਹਾਇਕ ਸਿੱਧ ਹੁੰਦਾ ਹੈ। ਇਹ ਨਾਗਰਿਕਾਂ ਵਿੱਚ ਸਮੱਸਿਆ ਹੱਲ ਕਰਨ ਦੀ ਕਾਬਲੀਅਤ, ਸਿਰਜਣਾਤਮਕ ਸੋਚ ਅਤੇ ਉਤਸ਼ਾਹ ਪੈਦਾ ਕਰਦਾ ਹੈ। ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਡਾਟਾ ਇਕੱਠਾ ਕਰਨ ਅਤੇ ਉਸ ਦਾ ਵਿਸ਼ਲੇਸ਼ਣ ਕਰਨ ਦੇ ਵੱਖਰੇ-ਵੱਖਰੇ ਤਰੀਕਿਆ ਨਾਲ ਜਾਣਾ ਕਰਵਾਉਣ ਅਤੇ ਗਿਆਨ ਵਿੱਚ ਵਾਧੇ ਲਈ ਇਹ ਵਿਸ਼ਾ ਲਾਜ਼ਵੀ ਬਣਾਇਆ ਗਿਆ।

**ਕਲਾ ਸਿੱਖਿਆ :** ਸਕੂਲਾਂ ਵਿੱਚ ਕਲਾ ਦੀ ਸਿੱਖਿਆ ਦੇਣ ਦਾ ਉਦੇਸ਼ ਬੱਚਿਆਂ ਦੀ ਮਾਨਸਿਕ ਸਹਿਤ ਅਤੇ ਸਖਸ਼ੀਅਤ ਦਾ ਪੂਰਨ ਵਿਕਾਸ ਸੀ। ਇਸ ਦੇ ਨਾਲ ਕਲਾ ਦੀ ਸਿੱਖਿਆ ਐਸੀ ਹੋਵੇ ਜੇ ਵਿਦਿਆਰਥੀਆਂ ਨੂੰ ਸੱਭਿਆਚਾਰ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ ਵਿੱਚ ਮਦਦ ਕਰੇ, ਇਕ ਦੂਜੇ ਦੇ ਕੰਮ ਦਾ ਸਤਿਕਾਰ ਅਤੇ ਵਾਤਾਵਰਨ ਦੇ ਨੇੜੇ ਲੈ ਕੇ ਆਵੇ।

**ਸਿਹਤ ਅਤੇ ਸਰੀਰਕ ਸਿੱਖਿਆ :** ਬੱਚਿਆਂ ਦੀ ਸਿਹਤ, ਬਿਮਾਰੀ, ਦੁਰਘਟਨਾਵਾਂ ਅਤੇ ਸਰੀਰ ਤੇ ਮਾਨਸਿਕ ਤੰਦਰੁਸਤੀ ਲਈ ਏਕੀਕ੍ਰਿਤ ਅਤੇ ਸੰਪੂਰਨ ਸਮਝ ਮੁਹੱਈਆ ਕਰਵਾਉਣ ਲਈ ਸਕੂਲ ਵਿੱਚ ਖੇਡਾਂ, ਐੱਨ.ਸੀ.ਸੀ., ਰੇਡ ਕ੍ਰਾਸ, ਸਕਾਊਟ ਅਤੇ ਗਰਲ ਗਾਇਡ ਆਦਿ ਦੀ ਸ਼ਿਫਾਰਸ ਕੀਤੀ ਗਈ ਤਾਂ ਜੋ ਵਿਦਿਆਰਥੀਆ ਵਿਚਲੀਆਂ ਸਮਾਜਿਕ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਵਿਕਾਸ ਕੀਤਾ ਜਾ ਸਕੇ।

**ਸ਼ਾਂਤੀ ਲਈ ਸਿੱਖਿਆ :** ਵਿਦਿਆਰਥੀਆਂ ਵਿੱਚ ਧੀਰਜ, ਸਹਿਣਸ਼ੀਲਤਾ, ਮਨ ਦੀ ਸ਼ੁੱਧਤਾ, ਸਹਿਯੋਗ ਅਤੇ ਟੀਮ ਵਰਕ, ਉਤਸੁਕਤਾ, ਤਰਕਸ਼ੀਲਤਾ ਅਨੁਸ਼ਾਸਨ, ਅਧਿਐਨ ਅਤੇ ਸਕਾਰਤਮਿਕ ਰਵੱਈਆ ਜਿਹੇ ਗੁਣ ਪੈਦਾ ਕਰਨ ਵਾਸਤੇ, ਪਾਠਕ੍ਰਮ ਵਿੱਚ ਸ਼ਾਂਤੀ ਅਤੇ ਲੋਕਤੰਤਰ ਦੀ ਸਿੱਖਿਆ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ।

**ਕੰਮ ਅਤੇ ਸਿੱਖਿਆ :** ਕੰਮ ਨੂੰ ਸੰਬੰਧਤ ਸਿੱਖਿਆ ਨੂੰ ਪਾਠਕ੍ਰਮ ਦਾ ਇੱਕ ਅਨਿੱਖੜਵਾਂ ਅੰਗ ਬਣਾਇਆ ਗਿਆ। ਕੰਮ ਦੇ ਤਜਰਬੇ, ਕੰਮ ਦੀ ਸਿੱਖਿਆ, ਐੱਸ.ਯੂ.ਪੀ.ਡਬਲਯੂ., ਕਰਾਫਟ ਸਿੱਖਿਆ, ਵੱਖ-ਵੱਖ ਉਤਪਾਦਾਂ ਜਾਂ ਸੇਵਾ ਅਧਾਰਿਤ ਗਤੀਵਿਧੀਆ, ਕੰਮ ਦੇ ਜਰੀਏ ਹੁਨਰ, ਸਕਾਰਾਤਮਕ ਰਵੱਇਆ ਅਤੇ ਕਦਰਾਂ ਕੀਮਤਾਂ ਨੂੰ ਵਿਕਸਤ ਕਰਨ ਲਈ ਹਸਤ ਕਲਾ ਨੂੰ ਪਾਠਕ੍ਰਮ ਵਿੱਚ ਮੁੱਖ ਸਥਾਨ ਦਿੱਤਾ ਗਿਆ ਹੈ।

## 2.9 ਐੱਨ.ਸੀ.ਐੱਫ. ਅਤੇ ਮੁਲਾਂਕਣ :

ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਮੁਲਾਂਕਣ ਸ਼ੁਰੂ ਤੋਂ ਹੀ ਤਣਾਅ ਅਤੇ ਚਿੰਤਾ ਨਾਲ ਜੁੜਿਆ ਹੋਇਆ ਹੈ। ਪਾਠਕ੍ਰਮ ਵਿੱਚ ਬਦਲਾਅ ਅਤੇ ਹੋਰ ਨਵੀਨੀਕਰਨਾਂ ਦਾ ਕੋਈ ਵਜੂਦ ਨਹੀਂ ਹੈ ਜੇਕਰ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਨਹੀਂ ਕੀਤਾ ਗਿਆ। ਕੌਮੀ ਪਾਠਕ੍ਰਮ ਢਾਂਚੇ ਅਨੁਸਾਰ ਪ੍ਰੀਖਿਆ ਪ੍ਰਣਾਲੀ ਵਿੱਚ ਬਹੁਤ ਸਾਰੇ ਸੁਧਾਰਾਂ ਦੇ ਸੁਝਾਅ ਦਿੱਤੇ ਗਏ ਸਨ। ਮੁਲਾਂਕਣ ਵਿੱਚ ਬਦਲਾਅ ਇੱਕ ਕੌਮੀ ਮਿਸ਼ਨ ਦੇ ਤੌਰ ਤੇ ਗੁਣਵੱਤਾ ਵਾਲੇ ਮਨੁੱਖੀ ਵਸੀਲਿਆਂ ਦੁਆਰਾ ਕੀਤੇ ਗਏ। ਇਸ ਤੋਂ ਇਲਾਵਾ ਅਧਿਆਪਕਾ, ਸਿੱਖਿਆਵਾਦੀਆਂ ਅਤੇ ਸਿੱਖਿਆ ਵਿਗਿਆਨੀਆਂ ਨੇ ਮਿਲ ਕੇ ਇੱਕ ਨਵੇਂ ਪਲੇਟਫਾਰਮ 'ਤੇ ਦਾਖਲਾ ਪ੍ਰੀਖਿਆਵਾਂ ਦੇ ਔਗੁਣਾਂ ਨੂੰ ਘਟਾਉਣ ਲਈ ਨਵੇਂ ਤਰੀਕੇ ਅਤੇ ਰਸਮੀਂ ਵਿਦਿਅਕ ਯੋਗਤਾਵਾਂ ਤੋਂ ਇਲਾਵਾ ਕਈ ਹੋਰ ਕਾਬਲੀਅਤਾ ਦੀ ਜਾਂਚ ਕਰਨ ਦੇ ਤਰੀਕਿਆਂ ਉੱਪਰ ਖੋਜ ਕਰਨੀ ਸ਼ੁਰੂ ਕੀਤੀ।

ਕੌਮੀ ਪਾਠਕ੍ਰਮ ਵਿੱਚ ਬੱਚੇ ਦੀ ਸਿਖਲਾਈ ਦੀ ਗੁਣਵੱਤਾ ਅਤੇ ਕਮੀਆਂ ਉੱਪਰ ਅਰਥਪੂਰਨ ਸੁਝਾਅ ਦਿੱਤੇ ਗਏ ਅਤੇ ਸਲਾਹ ਦਿੱਤੀ ਗਈ ਕਿ ਸਾਨੂੰ ਇਕ ਅਜਿਹੇ ਪਾਠਕ੍ਰਮ ਦੀ ਜ਼ਰੂਰਤ ਹੈ ਜੋ ਰਚਨਾਤਮਕਤਾ, ਵਿਕਾਸ ਅਤੇ ਨਵੀਨਤਾ ਦਾ ਹਿੱਸੇਦਾਰ ਹੋਵੇ। ਇੱਥੇ ਇਕ ਅਜਿਹਾ ਸਿਸਟਮ ਪੈਦਾ ਕਰਨ ਦੀ ਲੋੜ ਹੈ ਵਿਦਿਆਰਥੀ ਦੀਆਂ ਹਰ ਵਿਸ਼ੇ ਦੀਆਂ ਪ੍ਰਾਪਤੀਆਂ, ਸਿੱਖਣ ਪ੍ਰਤੀ ਰਵੱਈਆ, ਦਿਲਚਸਪੀਆਂ ਅਤੇ ਯੋਗਤਾਵਾਂ ਬਾਰੇ ਅੰਦਾਜ਼ਾ

ਲਗਾ ਸਕਣ ਵਾਲੇ ਢੁੱਕਵੇ ਪੈਰਾਮੀਟਰਾਂ ਅਤੇ ਨੀਤੀਆਂ ਨੂੰ ਮੁਲਾਂਕਣ ਵਿਧੀ ਵਿੱਚ ਸ਼ਾਮਿਲ ਕੀਤਾ ਗਿਆ। ਅਧਿਆਪਕ ਦੁਆਰਾ ਵਿਦਿਆਰਥੀਆਂ ਦੇ ਰਿਪੋਰਟ ਕਾਰਡ ਤਿਆਰ ਕਰਨਾ ਹਰੇਕ ਵਿਦਿਆਰਥੀ ਬਾਰੇ ਸੋਚਣ ਦਾ ਤਰੀਕਾ ਹੈ ਅਤੇ ਮਿਆਦ ਦੌਰਾਨ ਜੋ ਕੁਝ ਸਿੱਖਿਆ ਹੈ ਇਹ ਉਸ ਦੀ ਸਮੀਖਿਆ ਹੈ। ਕਿ ਅਧਿਆਪਕ ਨੂੰ ਕੀ ਸਿੱਖਣ ਅਤੇ ਸੁਧਾਰਣ ਦੀ ਲੋੜ ਹੈ।

ਅਜਿਹੇ ਰਿਪੋਰਟ ਕਾਰਡਾਂ ਨੂੰ ਲਿਖਣ ਦੇ ਯੋਗ ਹੋਣ ਲਈ ਅਧਿਆਪਕ ਉਹਨਾਂ ਦੀ ਹਰ ਰੋਜ਼ ਦੀ ਸਿੱਖਨ ਪ੍ਰੀਕਿਰਿਆ ਅਤੇ ਹੋਰ ਕਿਰਿਆਵਾਂ ਧਿਆਨ ਵਿੱਚ ਰੱਖੇਗਾ। ਇਸ ਲਈ ਕੋਈ ਵਿਸ਼ੇਸ਼ ਟੈਸਟ ਰੱਖਣ ਦੀ ਜ਼ਰੂਰਤ ਨਹੀਂ ਹੋਵੇਗੀ ਬਲਕਿ ਸਿੱਖਣ ਸਰਗਰਮੀਆਂ ਆਪ ਹੀ ਬੱਚੇ ਦੀ ਗੁਣਵੱਤਾ ਮੁਲਾਂਕਣ ਲਈ ਅਧਾਰ ਮੁਹੱਈਆ ਕਰਵਾਉਂਦੀਆਂ ਹਨ। ਨਿਗਰਾਨੀ ਲਈ ਰੋਜ਼ਾਨਾ ਡਾਇਰੀ ਦੀ ਸਿਫਾਰਸ਼ ਕੀਤੀ ਗਈ ਤਾਂ ਜੋ ਮੁਲਾਂਕਣ ਵਿੱਚ ਲਗਾਤਾਰਤਾ ਅਤੇ ਵਿਆਪਕਤਾ ਬਣੀ ਰਹੇ। ਨਮੂਨੇ ਰੱਖਣਾ ਅਤੇ ਬੱਚੇ ਦੇ ਕੰਮ ਉੱਤੇ ਵੱਖ-ਵੱਖ ਪੜਾਵਾਂ ਦੀਆਂ ਟਿੱਪਣੀਆਂ ਅਧਿਆਪਕ ਅਤੇ ਸਿੱਖਿਆਰਥੀ ਦੋਨਾਂ ਨੂੰ ਇੱਕ ਢਾਂਚਾਗਤ ਰਿਕਾਰਡ ਦਿੰਦੀਆਂ ਹਨ। ਕੌਮੀ ਪਾਠਕ੍ਰਮ ਅਨੁਸਾਰ ਮੁਲਾਂਕਣ ਸਿੱਖਣ ਦੀਆਂ ਮੁਸ਼ਕਲਾਂ ਦੇ ਹੱਲ ਕਰਨ ਵਿੱਚ ਅਵਿਵਹਾਰਕ ਤੌਰ ਤੇ ਮੱਦਦ ਕਰੇਗਾ। ਧਾਰਨਾਤਮ ਵਿਕਾਸ ਦੀਆਂ ਸਮੱਸਿਆਵਾਂ ਅਤੇ ਬੱਚਿਆਂ ਦੀਆਂ ਨਿੱਜੀ ਸਮੱਸਿਆਵਾਂ ਸਮਝਣ ਲਈ ਪਰੰਪਰਾਗਤ ਟੈਸਟਾਂ ਦੀ ਉਡੀਕ ਕਰਨਾ ਉੱਚਿਤ ਨਹੀਂ। ਇਸ ਤਰ੍ਹਾਂ ਨਵੀਂ ਮੁਲਾਂਕਣ ਵਿਧੀ ਲਚਕਦਾਰ ਅਤੇ ਸਿੱਖਿਆ ਨਤੀਜਿਆਂ ਲਈ ਜਵਾਬਦੇਹ ਬਣਾਈ ਗਈ।

ਐਲੀਮੈਂਟਰੀ ਪੜਾਅ ਦੀਆਂ ਕਲਾਸਾਂ I ਅਤੇ II ਲਈ ਸੁਝਾਅ ਦਿੱਤਾ ਗਿਆ ਕਿ ਮੁਲਾਂਕਣ ਬੱਚਿਆਂ ਦੀਆਂ ਗਤੀਵਿਧੀਆਂ ਅਤੇ ਵੱਖੋ-ਵੱਖਰੇ ਡੋਮੇਨਾਂ ਦੀ ਗੁਣਾਤਮਕ ਜਾਂਚ ਹੈ ਜੋ ਵਿਦਿਆਰਥੀਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਅਤੇ ਪੂਰਵਦਰਸ਼ਨ ਉਤੇ ਅਧਾਰਿਤ ਹੋਣਾ ਚਾਹੀਦਾ ਹੈ। ਇਸ ਪੜਾਅ ਉਤੇ ਲਿਖਤੀ ਅਤੇ ਮੌਖਿਕ ਟੈਸਟਾਂ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ। ਕਲਾਸ ਤੀਸਰੀ ਤੋਂ ਅੱਠਵੀਂ ਤੱਕ ਵੱਖੋ-ਵੱਖਰੇ ਤਰੀਕਿਆਂ ਨਾਲ ਮੌਖਿਕ ਅਤੇ ਲਿਖਤੀ ਟੈਸਟਾਂ ਦੁਆਰਾ ਨਿਰੀਖਣ ਦੇ ਸੁਝਾਅ ਦਿੱਤੇ ਗਏ। ਬੱਚੇ ਸੁਚੇਤ ਹੋਣਗੇ ਕਿ ਉਹਨਾਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਨਿਰੀਖਣ ਉਹਨਾਂ ਬੱਚਿਆਂ ਦੁਆਰਾ ਸਿੱਖਿਆ ਦੇ ਇੱਕ ਹਿੱਸੇ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ ਨਾ ਕਿ ਕਿਸੇ ਡਰ ਜਾਂ ਖਤਰੇ ਦੇ ਰੂਪ ਵਿੱਚ। ਇਸ ਪੜਾਅ ਵਿੱਚ ਪ੍ਰਾਪਤੀਆਂ ਦੀ ਗੁਣਵੱਤਾ ਗਰੇਡਾਂ ਨਾਲ ਕੀਤੇ ਜਾਣ ਦਾ ਸੁਝਾਅ ਦਿੱਤਾ ਗਿਆ।

ਰਾਸ਼ਟਰੀ ਪਾਠਕ੍ਰਮ ਢਾਂਚੇ ਵਿੱਚ ਵਿਦਿਆਰਥੀਆਂ ਦਾ ਸਵੈ-ਮੁਲਾਂਕਣ ਵੀ ਰਿਪੋਰਟ ਕਾਰਡ ਦਾ ਹਿੱਸਾ 5 ਕਲਾਸ ਤੋਂ ਬਾਅਦ ਹੋ ਸਕਦਾ ਹੈ। ਇਸ ਪੜਾਅ ਤੇ ਪ੍ਰੀਖਿਆਵਾਂ ਦੀ ਬਜਾਏ ਅਕਸਰ ਅਤੇ ਛੋਟੇ ਕਸੌਟੀ ਅਧਾਰਤ ਟੈਸਟ ਰੱਖਣ ਦਾ ਸੁਝਾਅ ਦਿੱਤਾ ਗਿਆ। ਕਲਾਸ 7 ਤੋਂ ਬਾਅਦ ਮਿਆਦ ਦੀ ਪ੍ਰੀਖਿਆ ਲੈਣਾ ਸ਼ੁਰੂ ਕਰਨਾ ਚਾਹੀਦਾ ਹੈ ਜਦੋਂ ਬੱਚੇ ਮਾਨਸਿਕ ਤੌਰ ਤੇ ਵਿਸ਼ਾ ਵਸਤੂ ਦੇ ਵੱਡੇ ਭਾਗਾਂ ਦਾ ਅਧਿਐਨ ਕਰਨ ਦੇ ਯੋਗ ਹੋ ਜਾਣ ਅਤੇ ਪ੍ਰੀਖਿਆ ਕਮਰੇ ਵਿੱਚ ਕੁਝ ਘੰਟੇ ਬਿਤਾਉਣ ਦੇ ਯੋਗ ਹੋ ਜਾਣ। ਇਸ ਪਿੱਛੋਂ ਪ੍ਰੋਗ੍ਰੈਸ ਕਾਰਡ ਨੂੰ ਸਿਹਤ ਤੇ ਪੋਸ਼ਣ ਸੰਬੰਧੀ ਅਨੁਮਾਨ, ਸਿੱਖਿਆਰਥੀ ਦੀ ਸਮੁੱਚੀ ਪ੍ਰਗਤੀ, ਮਾਪਿਆ ਜਾਂ ਸਰਪ੍ਰਸਤਾਂ ਲਈ ਜਾਣਕਾਰੀ ਅਤੇ ਸਲਾਹ ਆਦਿ ਦੇ ਵਿਸ਼ੇਸ਼ ਨਿਰਨਿਆ ਨਾਲ ਦਰਸਾਇਆ ਜਾਵੇ। ਸੈਕੰਡਰੀ ਅਤੇ ਉੱਚ ਸੈਕੰਡਰੀ ਪੜਾਅ ਦਾ ਮੁਲਾਂਕਣ ਵਿੱਚ ਸਵੈ ਮੁਲਾਂਕਣ, ਪਾਠਕ੍ਰਮ ਦੇ ਗਿਆਨ ਅਧਾਰਿਤ ਖੇਤਰਾਂ ਲਈ ਟੈਸਟ, ਪ੍ਰੀਖਿਆਵਾਂ ਅਤੇ ਪ੍ਰੋਜੈਕਟ ਰਿਪੋਰਟਾਂ ਉੱਪਰ ਅਧਾਰਿਤ ਹੋਵੇਗਾ।

ਰਿਪੋਰਟਾਂ ਅਤੇ ਵੱਖ-ਵੱਖ ਹੁਨਰ, ਗਿਆਨ ਖੇਤਰ ਅਤੇ ਪ੍ਰਤੀਸ਼ਤ ਸਮੇਤ ਅੰਕ ਸ਼ਾਮਿਲ ਕੀਤੇ ਜਾਣਗੇ। ਇਹ ਵਿਸ਼ਲੇਸ਼ਣ ਵਿਦਿਆਰਥੀ ਦੇ ਉਹਨਾਂ ਪੱਖਾਂ ਨੂੰ ਉਜਾਗਰ ਕਰੇ ਜਿੱਥੇ ਹੋਰ ਵੱਧ ਧਿਆਨ ਦੇਣ ਦੀ ਲੋੜ ਹੈ।

ਨਿਰੰਤਰ ਅਤੇ ਵਿਆਪਕ ਮੁਲਾਂਕਣ (CCE) ਪ੍ਰਣਾਲੀ ਕੌਮੀ ਪਾਠਕ੍ਰਮ ਢਾਂਚੇ ਦੇ ਦਿਸ਼ਾ ਨਿਰਦੇਸ਼ਨ ਅਧੀਨ ਕੇਂਦਰੀ ਸਕੂਲ ਸਿੱਖਿਆ ਬੋਰਡ ਦੁਆਰਾ ਪੇਸ਼ ਕੀਤੀ ਗਈ। ਇਸ ਮੁਲਾਂਕਣ ਪ੍ਰਣਾਲੀ ਵਿੱਚ ਸਾਰੇ ਵਿਦਿਅਕ ਵਿਸ਼ਿਆਂ ਦੇ ਨਾਲ ਸਹਿ-ਵਿਦਿਅਕ ਖੇਤਰ ਜਿਵੇਂ ਖੇਡਾਂ, ਕਲਾ, ਸੰਗੀਤ, ਡਾਂਸ, ਡਰਾਮਾ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਅਤੇ ਸਮਾਜਕ ਗੁਣਾਂ ਦਾ ਮੁਲਾਂਕਣ ਸ਼ਾਮਲ ਕੀਤਾ ਗਿਆ। ਇਸ ਵਿੱਚ ਵਿਦਿਅਕ ਵਿਸ਼ਿਆਂ ਦਾ ਮੁਲਾਂਕਣ ਦੋ ਢੰਗਾਂ ਦੁਆਰਾ ਕੀਤਾ ਜਾਂਦਾ ਹੈ : ਫਾਰਮੇਟਿਵ ਅਸੈਸਮੈਂਟ ਅਤੇ ਸਮਮੈਟਿਵ ਅਸੈਸਮੈਂਟ। ਦੂਸਰਾ ਢੰਗ ਹੈ ਅਭਾਸੀ ਮੁਲਾਂਕਣ ਜਿਸ ਵਿੱਚ ਪੂਰੇ ਸ਼ੈਸਨ ਦੇ ਕਲਾਸ ਟੈਸਟ, ਹੋਮ ਵਰਕ, ਕੁਇਜ, ਪ੍ਰੋਜੈਕਟ ਅਤੇ ਅਸਾਇਨਮੈਂਟ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਫਾਰਮੇਟਿਵ ਅਸੈਸਮੈਂਟ ਅਤੇ ਸਮਮੇਟਿਵ ਅਸੈਂਸਮੈਂਟ ਇਹ ਦੱਸੇਗੀ ਕਿ ਵਿਦਿਆਰਥੀ ਨੇ ਪੂਰੇ ਸ਼ੈਸਨ ਦੌਰਾਨ ਕੀ ਸਿੱਖਿਆ ਹੈ। CCE ਗਰੇਡਿੰਗ ਪ੍ਰਣਾਲੀ ਵਿੱਚ ਹੇਠ ਦਿੱਤੇ ਅਨੁਸਾਰ ਪ੍ਰਤੀਸ਼ਤ ਵੰਡ ਹੋਵੇਗੀ।

| ਟਰਮ 1 | | | ਟਰਮ 2 | | |
|---|---|---|---|---|---|
| FA1 | FA2 | SA1 | FA3 | FA4 | SA2 |
| 10% | 10% | 30% | 10% | 10% | 30% |
| FA1+ FA@ + SA1 = 50% | | | FA3 + FA4 + SA2 = 50% | | |

ਕੁਲ ਫਾਰਮੇਟਿਵ ਅਸੈਸਮੈਂਟ = 40% (FA1 + FA2 + FA3 + FA4)

ਕੁਲ ਸਮਮੈਟਿਵ ਅਸੈਸਮੈਂਟ = 60%(SA1 + SA2)

ਸਕੂਲਾਸਟਿਕ ਅਸੈੱਸਮੈਂਟ ਗ੍ਰੇਡ ਆਮ ਤੌਰ ਤੇ 9 ਪੁਆਇੰਟ ਗ੍ਰੇਡਿੰਗ ਸਕੇਲ ਤੇ ਦਿੱਤੇ ਜਾਂਦੇ ਹਨ ਜਦੋਂ ਕਿ ਕੋ-ਸਕੂਲਾਸਟਿਕ ਖੇਤਰਾਂ ਨੂੰ ਖਾਸ ਮਾਪਦੰਡ ਦੇ ਅਧਾਰ ਤੇ ਕਈ ਤਕਨੀਕਾਂ ਦੀ ਵਰਤੋਂ ਕਰਕੇ ਮੁਲਾਂਕਣ ਕੀਤਾ ਜਾਂਦਾ ਹੈ। ਸਹਿ-ਵਿਦਿਅਕ ਖੇਤਰਾਂ ਦਾ ਮੁਲਾਂਕਣ 5 ਪੁਆਇੰਟ ਗ੍ਰੇਡ ਸਕੇਲ ਉਪਰ ਕੀਤਾ ਜਾਂਦਾ ਹੈ। ਬੱਚੇ ਦੀਆਂ ਉਹ ਵਿਸ਼ੇਸ਼ਤਾਵਾਂ ਜਿਨ੍ਹਾਂ ਨੂੰ ਮਾਪਣਾ ਸੰਭਵ ਨਹੀਂ ਇਹਨਾਂ ਖੇਤਰਾਂ ਵਿੱਚ ਵੀ ਬੱਚੇ ਦੇ ਮੁਲਾਂਕਣ ਦੀ ਸ਼ਮੂਲੀਅਤ ਕੀਤੀ ਗਈ। ਵਿਦਿਆਰਥੀ ਦੀ ਰੁਚੀ, ਸ਼ਮੂਲੀਅਤ ਦਾ ਪੱਧਰ ਅਤੇ ਹੁਨਰਾਂ ਨੂੰ ਮਾਨਤਾ ਦਿੱਤੀ ਗਈ ਹੈ। ਇਸ ਵਿਆਪਕ ਮੁਲਾਂਕਣ ਪ੍ਰਣਾਲੀ ਤਹਿਤ ਇਹਨਾਂ ਵਿਸ਼ੇਸ਼ਤਾਵਾਂ ਨੂੰ ਮਿਣਨ ਜਾਂ ਅੰਦਾਜਾ ਲਗਾਉਣ ਦਾ ਅਧਾਰ ਦਿੱਤਾ ਗਿਆ ਤਾਂ ਜੋ ਵਿਦਿਆਰਥੀ ਦੇ ਇਹਨਾਂ ਗੁਣਾਂ ਦਾ ਵਿਕਾਸ ਹੋ ਸਕੇ। ਇਹਨਾਂ ਵਿਆਪਕ ਰਿਪੋਰਟਾਂ ਦੇ ਆਧਾਰ ਤੇ ਹੀ ਵਿੱਦਿਅਕ ਤਰੱਕੀ, ਪਾਠਕ੍ਰਮ ਜਾਂ ਪੂਰੇ ਸਿੱਖਿਆ ਸਿਸਟਮ ਵਿੱਚ ਸੁਧਾਰ ਦੇ ਸੁਝਾਅ ਦਿੱਤੇ ਜਾ ਸਕਦੇ ਹਨ।

## 2.10 ਸੰਖੇਪ :

ਰਾਸ਼ਟਰੀ ਸਿੱਖਿਆ ਨੀਤੀ 1986 ਵਿੱਚ ਇੱਕ ਕੌਮੀ ਸਿੱਖਿਆ ਪ੍ਰਣਾਲੀ ਦਾ ਵਿਖਿਆਨ ਕੀਤਾ ਹੈ ਅਤੇ ਦਰਸਾਇਆ ਕਿ ਹਰ ਪੱਧਰ ਤੇ ਸਾਰੇ ਵਿਦਿਆਰਥੀ ਜਾਤ, ਧਰਮ, ਸਥਾਨ ਅਤੇ ਲਿੰਗ ਦੇ ਅਧਾਰ ਤੇ ਬਿਨ੍ਹਾਂ ਕਿਸੇ ਭੇਦਭਾਵ ਤੋਂ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਕਰ ਸਕਦੇ ਹਨ। ਇਸ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਸਰਕਾਰ ਦੁਆਰਾ ਫੰਡਿਡ ਪ੍ਰੋਗਰਾਮ ਸ਼ੁਰੂ ਕੀਤੇ ਗਏ ਅਤੇ ਇਸ ਪਾਲਿਸੀ ਤਹਿਤ ਇੱਕ ਆਮ ਸਕੂਲ ਸਿੱਖਿਆ ਪ੍ਰਣਾਲੀ ਨੂੰ ਇਕ ਪ੍ਰਭਾਵਸ਼ਾਲੀ ਸੇਧ ਪ੍ਰਾਪਤ ਹੋਈ।

ਇਸ ਨੀਤੀ ਅਧੀਨ ਇੱਕ ਆਮ ਵਿਦਿਅਕ ਢਾਂਚਾ ਭਾਵ 10+2+3 ਜਿਸ ਦੀ ਸ਼ਿਫਾਰਸ਼ ਕੋਠਾਰੀ ਕਮਿਸ਼ਨ ਦੁਆਰਾ ਕੀਤੀ ਗਈ ਸੀ, ਨੂੰ ਦੇਸ਼ ਦੇ ਹਰ ਹਿੱਸੇ ਵਿੱਚ ਸਵੀਕਾਰ ਕੀਤਾ ਗਿਆ ਹੈ। ਇਸ ਵਿੱਚ ਸਿੱਖਿਆ ਦੇ ਪਹਿਲੇ 10 ਸਾਲਾਂ ਵਿੱਚ 5 ਸਾਲ ਪ੍ਰਾਇਮਰੀ ਸਿੱਖਿਆ, 3 ਸਾਲ ਉੱਚ ਪ੍ਰਾਇਮਰੀ ਸਿੱਖਿਆ ਅਤੇ 2 ਸਾਲ ਹਾਈ

ਸਕੂਲ ਦੇ ਜੁੜੇ ਹਨ। ਅਗਲੇ 2 ਸਾਲ ਸੈਕੰਡਰੀ ਅਤੇ 3 ਸਾਲ ਉੱਚ ਸਿੱਖਿਆ ਦੇ ਹਨ। ਸਿੱਖਿਆ ਦੀ ਰਾਸ਼ਟਰੀ ਪ੍ਰਣਾਲੀ ਇੱਕ ਰਾਸ਼ਟਰ ਪਾਠਕ੍ਰਮ ਢਾਂਚੇ ਉੱਤੇ ਅਧਾਰਿਤ ਹੋਵੇਗੀ ਜਿਸ ਵਿੱਚ ਕੋਰ ਅਤੇ ਆਪਸ਼ਨਲ ਵਿਸ਼ੇ ਹੋਣਗੇ, ਇਹ ਨਿਸ਼ਾਨਾ ਰਾਸ਼ਟਰੀ ਸਿੱਖਿਆ ਨੀਤੀ ਵਿੱਚ ਮਿੱਥਿਆ ਗਿਆ ਸੀ। ਇਹ ਸਾਰਾ ਪਾਠਕ੍ਰਮ ਅਜ਼ਾਦੀ ਦੀ ਲਹਿਰ, ਸੰਵਿਧਾਨਕ ਜ਼ਿੰਮੇਵਾਰੀਆਂ ਅਤੇ ਕੌਮੀ ਪਛਾਣ ਲਈ ਵਿਦਿਆਰਥੀਆਂ ਨੂੰ ਤਿਆਰ ਕਰੇਗਾ। ਭਾਰਤ ਦੀ ਆਮ ਸੱਭਿਆਚਾਰਕ ਵਿਰਾਸਤ, ਸਮਾਨਤਾਵਾਦ, ਲੋਕਤੰਤਰ, ਧਰਮ ਨਿਰਪੱਖਤਾ, ਲਿੰਗ ਸਮਾਨਤਾ, ਵਾਤਾਵਰਨ ਸੁਰੱਖਿਆ, ਸਮਾਜਿਕ ਰੁਕਾਵਟਾਂ ਦੇ ਹੱਲ ਅਤੇ ਵਿਗਿਆਨਕ ਰੂਪਾਤਰਨ ਵਰਗੇ ਜ਼ਰੂਰੀ ਵਿਸ਼ੇ ਇਸ ਪਾਠਕ੍ਰਮ ਵਿੱਚ ਸ਼ਾਮਲ ਕੀਤੇ ਗਏ ਅਤੇ ਇਹਨਾਂ ਤੱਥਾਂ ਨੇ ਰਾਸ਼ਟਰੀ ਪਾਠਕ੍ਰਮ ਢਾਂਚੇ ਨੂੰ ਜਨਮ ਦਿੱਤਾ।

ਕੌਮੀ ਪਾਠਕ੍ਰਮ ਢਾਂਚੇ 2005 ਦਾ ਉਦੇਸ਼ ਗਿਆਨ ਨੂੰ ਅਸਲ ਜੀਵਨ ਨਾਲ ਜੋੜਨਾ ਸੀ। ਇਸ ਅਨੁਸਾਰ ਰੱਟਾ ਵਿਧੀ ਦੁਆਰਾ ਯਾਦ ਕਰਨ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਦਾ ਮੁੱਖ ਮੰਤਵ ਬੱਚਿਆਂ ਲਈ ਇਕ ਸਮੁੱਚੇ ਵਿਕਾਸ ਲਈ ਪਾਠਕ੍ਰਮ ਤਿਆਰ ਕਰਨਾ ਅਤੇ ਪ੍ਰੀਖਿਆ ਨੂੰ ਵਧੇਰੇ ਲਚਕਦਾਰ ਅਤੇ ਤਨਾਅਮੁਕਤ ਬਣਾਉਣਾ ਸੀ। ਜਿਵੇਂ ਪ੍ਰਾਇਮਰੀ ਪੱਧਰ ਤੇ ਅਕਾਰ ਅਤੇ ਸਥਾਨਕ ਸਮਝ ਵਰਗੇ ਖੇਤਰਾਂ ਦਾ ਅਨੁਮਾਨ ਲਗਾਇਆ ਜਾਂਦਾ ਹੈ ਜਦ ਕਿ ਸੈਕੰਡਰੀ ਪੱਧਰ ਤੇ ਗਣਿਤ ਮਾਡਲਿੰਗ ਅਤੇ ਅੰਕੜਾ ਵਿਸ਼ੇਲਸ਼ਣ ਦੀ ਯੋਗਤਾ ਦਾ ਮੁਲਾਂਕਣ ਕੀਤਾ ਜਾਂਦਾ ਹੈ। ਉੱਚ ਸੈਕੰਡਰੀ ਪੜਾਅ ਤੇ ਸਮੱਸਿਆ ਹੱਲ ਯੋਗਤਾ ਨੂੰ ਮਾਪਿਆ ਜਾਂਦਾ ਹੈ। ਪਾਠਕ੍ਰਮ ਦੀ ਇਸ ਤਰ੍ਹਾਂ ਦੀ ਵਿਵਸਥਾ ਨੇ ਬੱਚਿਆਂ ਨੂੰ ਆਪਣਾ ਵਿਸ਼ਾ ਵਸਤੂ ਅਸਾਨੀ ਨਾਲ ਸਮਝਣ ਅਤੇ ਰੋਜ਼ਾਨਾ ਜੀਵਨ ਵਿੱਚ ਇਸ ਦਾ ਸੰਬੰਧ ਬਣਾਉਣ ਵਿੱਚ ਸਹਾਇਤਾ ਕੀਤੀ ਹੈ।

ਤੱਥਾਂ ਅਤੇ ਅੰਕੜਿਆਂ ਦੀ ਸਮਝ ਦੇ ਜ਼ਰੀਏ ਰੱਟਾ ਸਿਖਲਾਈ ਨੂੰ ਹਟਾ ਦਿੱਤਾ ਗਿਆ। ਇਸ ਤਰ੍ਹਾਂ ਕੌਮੀ ਪਾਠ ਕ੍ਰਮ 2005 ਨੇ ਸਕੂਲਾਂ ਦੀ ਗੁਣਵੱਤਾ ਵਿੱਚ ਸੁਧਾਰ ਲਈ ਸਕੂਲੀ ਪੱਧਰ ਤੇ ਅਕਾਦਮਿਕ ਯੋਜਨਾਬੰਦੀ ਅਤੇ ਲੀਡਰਸ਼ਿਪ ਦੇ ਮੁੱਦਿਆਂ ਤੇ ਵਿਚਾਰ ਕੀਤਾ। ਅੰਤ ਵਿੱਚ ਪਾਠ ਪੁਸਤਕਾਂ ਅਤੇ ਤਕਨਾਲੋਜੀ ਦੀ ਵਰਤੋਂ ਦੇ ਮਾਧਿਅਮਾਂ ਰਾਹੀਂ ਵਿਚਾਰਾਂ ਅਤੇ ਪ੍ਰਥਾਵਾਂ ਵਿੱਚ ਨਵੀਨਤਾ ਨੂੰ ਹੱਲਾਸ਼ੇਰੀ ਦਿੰਦੇ ਹੋਏ ਸਕੂਲੀ ਸਿੱਖਿਆ ਪ੍ਰਣਾਲੀ ਅਤੇ ਸਿਵਲ ਸੁਸਾਇਟੀ ਸਮੂਹਾਂ ਦੀ ਭਾਗੀਦਾਰੀ ਲਈ ਸਿਫ਼ਾਰਸ਼ ਵੀ ਰਾਸ਼ਟਰੀ ਪਾਠਕ੍ਰਮ ਢਾਂਚੇ ਵਿੱਚ ਸ਼ਾਮਲ ਸੀ।

## 2.11 ਸੁਝਾਏ ਸਵਾਲ :

ਪ੍ਰ.1. ਐੱਨ.ਪੀ.ਈ. 1986 ਦੇ ਉਦੇਸ਼ਾਂ ਬਾਰੇ ਲਿਖੋ।

ਪ੍ਰ.2. ਐੱਨ.ਪੀ.ਈ. 1986 ਦੀ ਸਿੱਖਿਆ ਅਤੇ ਮੁਲਾਂਕਣ ਬਾਰੇ ਲਿਖੋ।

ਪ੍ਰ.3. ਉਦੇਸ਼, ਸਿੱਖਿਆ ਪੈਡਾਗੋਜੀ ਅਤੇ ਮੁਲਾਂਕਣ ਲਈ ਐੱਨ.ਪੀ.ਈ. 1986 ਦੇ ਸੰਦਰਭ ਵਿੱਚ ਲਿਖੋ।

ਪ੍ਰ.4. ਐੱਨ.ਸੀ.ਐੱਫ. 2005 ਦੇ ਅਨੁਸਾਰ ਸਿੱਖਿਆ ਦੇ ਟੀਚਿਆਂ ਅਤੇ ਮੁਲਾਂਕਣ 'ਤੇ ਚਰਚਾ ਕਰੋ।

ਪ੍ਰ.5. ਐੱਨ.ਸੀ.ਐੱਫ. 2005 ਦੀ ਪੈਡਾਗੋਜੀ ਬਾਰੇ ਲਿਖੋ।

ਪ੍ਰ.6. ਉਦੇਸ਼, ਸਿੱਖਿਆ ਅਤੇ ਮੁਲਾਂਕਣ ਦੇ ਖਾਸ ਸੰਦਰਭ ਦੇ ਨਾਲ ਐੱਨ.ਸੀ.ਐੱਫ.–2005 ਦੀਆਂ ਮੁੱਖ ਪ੍ਰੇਰਨਾਵਾਂ ਬਾਰੇ ਲਿਖੋ।

## 2.12 ਸੁਝਾਈਆਂ ਪੁਸਤਕਾਂ –

Nandra, I.D.S & Lehri, A.K. (2017), *Reading and Reflecting on Texts.* 21st Century Publications, Patiala.

Srivastava, S.S. (2016), *Reading and Reflecting on Texts.* Shri Vinod Pustak Mandir.

Dr. Pandey, R. (2016), *Reading and Reflecting on Text.* Rakhi Prakashan.